
ਚੰਗੀ ਸੋਚ ਹੱਲ ਕਰ ਦਿੰਦੀ ਏ, ਮੁਸ਼ਕਲ ਵੱਡੀ-ਭਾਰੀ।
ਪਰਵਾਜ਼ ਤੇਰੀ ਨੂੰ ਦੁਨੀਆਂ ਦੇਖੇ, ਲਾਵੀਂ ਐਸੀ 'ਸੋਚ ਉਡਾਰੀ'।

GREEN SCHOOL



# ਸੋਚ ਉਡਾਰੀ

ਭਾਈ ਕਾਨ੍ਹ ਸਿੰਘ ਨਾਭਾ ਪੀ.ਐੱਮ.ਸ੍ਰੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਨਾਭਾ

ਸਰਪ੍ਰਸਤ: ਮਲਕੀਤ ਐਗ੍ਰੋ ਟੈੱਕ ਪ੍ਰਾਈਵੇਟ ਲਿਮਟਿਡ ਨਾਭਾ

# ਸੰਦੇਸ਼



ਭਾਈ ਕਾਹਨ ਸਿੰਘ ਨਾਭਾ, ਪੀ.ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਨਾਭਾ ਦੇ ਰਸਾਲੇ 'ਸੋਚ ਉਡਾਰੀ' ਦਾ ਤੀਜਾ ਅੰਕ ਪ੍ਰਕਾਸ਼ਤ ਹੋਣ 'ਤੇ, ਮੈਂ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਸ਼ੈਲੇਂਦਰ ਸ਼ਰਮਾ ਜੀ, ਵਿਦਿਆਰਥੀਆਂ ਅਤੇ ਸੰਪਾਦਕੀ ਬੋਰਡ ਨੂੰ ਵਧਾਈ ਦਿੰਦਾ ਹਾਂ। ਵਿਦਿਆਰਥੀਆਂ ਅੰਦਰ ਛੁਪੀਆਂ ਸਾਹਿਤਕ ਰੁਚੀਆਂ ਨੂੰ ਉਜਾਗਰ ਅਤੇ ਪ੍ਰਫੁੱਲਤ ਕਰਨ ਲਈ ਸਲਾਨਾ ਰਸਾਲੇ ਦੀ ਵੱਡੀ ਅਹਿਮੀਅਤ ਹੈ। ਜਿਸ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਗੀਤਾਂ, ਕਵਿਤਾਵਾਂ, ਕਹਾਣੀਆਂ ਆਦਿ ਕਲਾਮਈ ਢੰਗ ਰਾਹੀਂ ਪ੍ਰਗਟ ਕਰਨ ਲਈ ਸਮਰੱਥ ਹੋ ਸਕਦੇ ਹਨ। ਸਾਹਿਤ ਵਿਦਿਆਰਥੀਆਂ ਅੰਦਰ ਅਮੀਰ ਕਦਰਾਂ-ਕੀਮਤਾਂ, ਸੰਵੇਦਨਸ਼ੀਲਤਾ ਅਤੇ ਤਰਕਮਈ ਸੂਝ ਪੈਦਾ ਕਰਦਾ ਹੈ, ਜਿਸ ਨਾਲ਼ ਉਹ ਚੰਗੇ ਨਾਗਰਿਕ ਬਣ ਕੇ ਸਮਾਜ ਲਈ ਆਪਣਾ ਵਡਮੁੱਲਾ ਯੋਗਦਾਨ ਦੇ ਸਕਦੇ ਹਨ। ਸਕੂਲ ਵੱਲੋਂ ਕੀਤੀ ਇਸ ਕੋਸ਼ਸ਼ ਦੀ ਮੈਂ ਭਰਪੂਰ ਸ਼ਲਾਘਾ ਕਰਦਾ ਹਾਂ ਅਤੇ ਆਸਵੰਦ ਹਾਂ ਕਿ ਇਹ ਰਸਾਲਾ ਹਰ ਸਾਲ ਇਸੇ ਤਰ੍ਹਾਂ ਛਪਦਾ ਰਹੇ ਤਾਂ ਜੋ ਨੰਨ੍ਹੇ ਲਿਖਾਰੀ ਆਪਣੇ ਵਿਚਾਰਾਂ ਨੂੰ ਪ੍ਰਗਟਾਉਂਦੇ ਹੋਏ ਸਮਾਜ ਵਿੱਚ ਆਪਣੀ ਪਹਿਚਾਣ ਬਣਾ ਸਕਣ।

**ਸੰਜੀਵ ਕੁਮਾਰ**
ਜ਼ਿਲ੍ਹਾ ਸਿੱਖਿਆ ਅਫ਼ਸਰ
(ਸ.ਸ.) ਪਟਿਆਲ਼ਾ

# ਪ੍ਰਿੰਸੀਪਲ ਦੀ ਕਲਮ ਤੋਂ



ਸਕੂਲ ਰਸਾਲਾ ਸੋਚ ਉਡਾਰੀ ਦਾ ਤੀਜਾ ਅੰਕ ਜਾਰੀ ਕਰਨ ’ਤੇ ਮੈਨੂੰ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ। ਮੈਂ ਇਸ ਸੰਸਥਾਂ ਵਿੱਚ ਬਤੌਰ ਪ੍ਰਿੰਸੀਪਲ ਚਾਰਜ਼ ਸੰਭਾਲਿਆ ਹੈ। ਮੇਰੇ ਵੱਲੋਂ ਕੋਸ਼ਸ਼ ਕੀਤੀ ਗਈ ਹੈ ਕਿ ਅਧਿਆਪਕ ਸਾਹਿਬਾਨਾਂ, ਵਿਦਿਆਰਥਣਾਂ ਅਤੇ ਸਮਾਜ ਸੇਵੀਆਂ ਨੂੰ ਨਾਲ਼ ਲੈ ਕੇ ਸਕੂਲ ਨੂੰ ਬਿਹਤਰ ਤੋਂ ਬਿਹਤਰੀਨ ਬਣਾਇਆ ਜਾਵੇ। ਮੈਂ ਵਿਸ਼ੇਸ ਤੌਰ ’ਤੇ ਉੱਘੇ ਸਮਾਜ ਸੇਵੀ ਸ੍ਰੀ ਚਰਨ ਸਿੰਘ (**MD** ਮਲਕੀਤ ਐਗਰੋ ਟੈੱਕ ਪ੍ਰਾਈਵੇਟ ਲਿਮਟਿਡ ਨਾਭਾ) ਜੀ ਦਾ ਇਸ ਰਸਾਲੇ ਲਈ ਦਿੱਤੇ ਪੂਰਨ ਆਰਥਿਕ ਸਹਿਯੋਗ ਲਈ ਧੰਨਵਾਦੀ ਹਾਂ।

ਪਿਆਰੇ ਵਿਦਿਆਰਥੀਓ!

ਤੁਹਾਡੇ ਵਿੱਚ ਅਥਾਹ ਸ਼ਕਤੀ ਹੈ, ਬਸ ਲੋੜ ਹੈ ਉਸ ਸ਼ਕਤੀ ਨੂੰ ਸਹੀ ਦਿਸ਼ਾ ਅਤੇ ਸਹੀ ਢੰਗ ਨਾਲ਼ ਵਰਤਣ ਦੀ। ਜਦੋਂ ਅਸੀਂ ਉਸ ਸ਼ਕਤੀ ਦੀ ਸਕਾਰਤਮਕ ਤਰੀਕੇ ਦੇ ਨਾਲ਼ ਵਰਤੋਂ ਕਰਨੀ ਸ਼ੁਰੂ ਕਰ ਦਿੰਦੇ ਹਾਂ ਤਾਂ ਸਾਡੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ: ਵਿਦਿਆ ਵੀਚਾਰੀ ਤਾਂ ਪਰਉਪਕਾਰੀ॥

ਵਿੱਦਿਆ ਨੂੰ ਗ੍ਰਹਿਣ ਕਰਨ ਲਈ ਅਸੀਂ ਸਭ ਤੋਂ ਪਹਿਲਾਂ ਅੱਖਰੀ ਗਿਆਨ ਪ੍ਰਾਪਤ ਕਰਦੇ ਹਾਂ ਫਿਰ ਅੱਖਰ ਅਤੇ ਸ਼ਬਦ ਤੋਂ ਬਾਅਦ ਵਾਕ ਨਾਲ਼ ਜੁੜਦੇ ਹਾਂ। ਵਾਕਾਂ ਨਾਲ਼ ਸਾਡੀ ਵਿਚਾਰਧਾਰਾ ਬਣਦੀ ਹੈ। ਵਿਚਾਰਧਾਰਾ ਤੋਂ ਸਾਡੀ ਪਹਿਚਾਣ ਹੁੰਦੀ ਹੈ। ਉਹ ਪਹਿਚਾਣ ਸਾਨੂੰ ਸਮਾਜ ਵਿੱਚ ਰੁਤਬਾ ਦਿੰਦੀ ਹੈ। ਇਹ ਵਿਚਾਰਧਰਾਵਾਂ ਦੀ ਸਮੁੱਚਤਾ ਅੱਗੋਂ ਕਿਤਾਬਾਂ ਦੇ ਰੂਪ ਵਿੱਚ ਸਾਡੇ ਰੂਬਰੂ ਹੁੰਦੀ ਹੈ। ਸੋ ਕਿਤਾਬਾਂ ਨੂੰ ਪੜ੍ਹਨਾ ਸਿੱਖੋ। ਇਹ ਤੁਹਾਡਾ ਮਾਰਗ ਦਰਸ਼ਕ ਵੀ ਬਣਦੀਆਂ ਹਨ। ਕਿਤਾਬਾਂ ਤੁਹਾਨੂੰ ਹਨੇਰੇ ਤੋਂ ਰੌਸ਼ਨੀ ਵੱਲ ਲੈ ਕੇ ਜਾਂਦੀਆਂ ਹਨ।

ਸਕੂਲ ਮੈਗਜ਼ੀਨ ‘ਸੋਚ ਉਡਾਰੀ’ ਤੁਹਾਡੀਆਂ ਪ੍ਰਾਪਤੀਆਂ ਦੀ ਤਰਜਮਾਨੀ ਕਰਦਾ ਹੈ। ਇਹ ਤੁਹਾਡੇ ਅੰਦਰਲੇ ਸਾਹਿਤਕ ਗੁਣਾਂ ਨੂੰ ਉਭਾਰਨ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਤੁਹਾਡੇ ਵਿੱਚੋਂ ਬਹੁਤ ਸਾਰੀਆਂ ਵਿਦਿਆਰਥਣਾਂ ਨੇ ਕਵਿਤਾਵਾਂ, ਗੀਤ, ਕਹਾਣੀਆਂ, ਵਿਚਾਰ ਅਤੇ ਲੇਖਾਂ ਰਾਹੀਂ ਆਪਣੀ ਵਿਚਾਰਧਾਰਾ ਨੂੰ ਕਲਮਬੱਧ ਕਰਕੇ ਕਾਗਜ਼ ’ਤੇ ਉਤਾਰਿਆ ਹੈ। ਤੁਹਾਡੀਆਂ ਰਚਨਾਵਾਂ ਅਤੇ ਪ੍ਰਾਪਤੀਆਂ ਸਕੂਲ ਮੈਗਜ਼ੀਨ ‘ਸੋਚ ਉਡਾਰੀ’ ਦਾ ਸ਼ਿੰਗਾਰ ਹਨ। ਆਓ ਕੁਝ ਚੰਗਾ ਸੋਚੀਏ, ਚੰਗਾ ਸਿੱਖੀਏ, ਚੰਗਾ ਬੀਜੀਏ, ਚੰਗਾ ਸਿਰਜੀਏ। ਤੁਹਾਡੇ ਚੰਗੇਰੇ ਅਤੇ ਰੌਸ਼ਨ ਭਵਿੱਖ ਦੀ ਆਸ ਵਿੱਚ...

**ਸ਼ੈਲੇਂਦਰ ਸ਼ਰਮਾ (P.E.S-1)**
**ਪ੍ਰਿੰਸੀਪਲ**

# ਦੋ ਸ਼ਬਦ



ਸਿਰਜਣਸ਼ੀਲ ਵਿਦਿਆਰਥੀ ਕਿਸੇ ਦੇਸ-ਕੌਮ ਦੀ ਅਨਮੋਲ ਪੂੰਜੀ ਹੁੰਦੇ ਹਨ। ਉਹ ਆਪਣੇ ਸਮਾਜ ਜਾਂ ਆਲ਼ੇ-ਦੁਆਲ਼ੇ ਬਾਰੇ ਜੋ ਕੁਝ ਅਨੁਭਵ ਕਰਦੇ ਹਨ, ਉਸ ਨੂੰ ਆਪਣੀਆਂ ਵੰਨ-ਸੁਵੰਨੀਆਂ ਕਿਰਤਾਂ ਦੇ ਰੂਪ ਵਿੱਚ ਉਜਾਗਰ ਕਰਦੇ ਹਨ। ਇਹਨਾਂ ਕਿਰਤਾਂ ਰਾਹੀਂ ਜਿੱਥੇ ਭਾਸ਼ਾਵਾਂ ਦਾ ਵਿਕਾਸ ਹੁੰਦਾ ਹੈ ਉੱਥੇ ਇਹ ਵੀ ਪਤਾ ਲੱਗਦਾ ਹੈ ਕਿ ਉਹ ਆਪਣੀਆਂ ਕਲਮਾਂ ਰਾਹੀਂ ਕਿਹੋ ਜਿਹੇ ਸਮਾਜ ਦੇ ਨਿਰਮਾਣ ਦੀ ਸਥਾਪਨਾ ਕਰਨਾ ਚਾਹੁੰਦੇ ਹਨ?

ਉਹ ਵਿੱਦਿਅਕ ਸੰਸਥਾਵਾਂ ਬਹੁਤ ਜ਼ਿੰਮੇਵਾਰ ਹੁੰਦੀਆਂ ਹਨ ਜੋ ਆਪਣੇ ਵਿਦਿਆਰਥੀਆਂ ਅੰਦਰ ਛੁਪੀ ਹੋਈ ਰਚਨਾਤਮਿਕ ਪ੍ਰਤਿਭਾ ਨੂੰ ਉਜਾਗਰ ਕਰਨ ਲਈ, ਉਹਨਾਂ ਨੂੰ ਸੁਨਹਿਰੀ ਅਵਸਰ ਪ੍ਰਦਾਨ ਕਰਦੀਆਂ ਹਨ।

ਮੈਨੂੰ ਖੁਸ਼ੀ ਹੈ ਕਿ ਭਾਈ ਕਾਹਨ ਸਿੰਘ ਨਾਭਾ, ਪੀ.ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਨਾਭਾ, ਇਸ ਦਿਸ਼ਾ ਵੱਲ ਬੜੀ ਲਗਨ, ਮਿਹਨਤ ਅਤੇ ਪ੍ਰਤਿਬੱਧਤਾ ਨਾਲ਼ ਕਾਰਜ ਕਰ ਰਿਹਾ ਹੈ।

ਮੈਂ ਸਕੂਲ ਦੇ ਪ੍ਰਿੰਸੀਪਲ ਸ਼ੈਲੇਂਦਰ ਸ਼ਰਮਾ ਜੀ ਸਮੇਤ ਵੱਖ-ਵੱਖ ਭਾਸ਼ਾਵਾਂ ਦੇ ਅਧਿਆਪਕ ਅਤੇ ਵਿਦਿਆਰਥੀ-ਸੰਪਾਦਕ ਸਾਹਿਬਾਨ ਸਮੇਤ ਸਮੁੱਚੇ ਅਮਲੇ, ਵਿਦਿਆਰਥੀਆਂ ਅਤੇ ਵਿਸ਼ੇਸ ਤੌਰ ’ਤੇ ਸ੍ਰੀ ਚਰਨ ਸਿੰਘ (ਮਲਕੀਤ ਐਗਰੋ ਟੈੱਕ ਪ੍ਰਾ. ਲਿਮ.) ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ, ਜਿਨ੍ਹਾਂ ਦੇ ਆਪਸੀ ਯੋਗਦਾਨ ਸਦਕਾ ‘ਸੋਚ ਉਡਾਰੀ’ ਰਸਾਲੇ ਦਾ ਇਹ ਤੀਜਾ ਅੰਕ ਇੱਕ ਖ਼ੂਬਸੂਰਤ ਗੁਲਦਸਤੇ ਦੇ ਰੂਪ ਵਿੱਚ ਤਿਆਰ ਹੋ ਕੇ ਸਾਹਿਤਕ ਮਹਿਕਾਂ ਵੰਡ ਰਿਹਾ ਹੈ।

ਮੇਰੀਆਂ ਸ਼ੁਭ ਕਾਮਨਾਵਾਂ ਤੁਹਾਡੇ ਨਾਲ਼ ਹਨ।

**ਡਾ. ਦਰਸ਼ਨ ਸਿੰਘ ‘ਆਸ਼ਟ’**
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ
ਸਾਹਿਤ ਅਕਾਦਮੀ ਬਾਲ ਸਾਹਿਤ ਐਵਾਰਡੀ,
ਸਟੇਟ ਐਵਾਰਡੀ ਪੰਜਾਬੀ ਯੂਨੀਵਰਸਿਟੀ,
ਪਟਿਆਲ਼ਾ
ਮੋ. 98144-23703
ਈਮੇਲ- dsaasht@yahoo.co.in

# Message



"Dear Students, Teachers, and Parents,
It is with great pleasure that I announce the release of our school magazine, SOCH UDAARI . This publication is a culmination of the hard work, creativity, and dedication of our students, teachers, and staff.The magazine is a reflection of our school's values, spirit, and achievements. It showcases the talents, interests, and accomplishments of our students, as well as the efforts of our teachers and staff.I would like to extend my sincerest gratitude to the editorial team, contributors, and designers who have worked tirelessly to bring this magazine to life. Your efforts are truly appreciated.

I invite you all to read, enjoy, and share the magazine with your friends and family. It is a wonderful way to stay connected with our school community and to celebrate our achievements.
Thank you once again to everyone involved in the creation of this magazine.

Happy reading!

**Sincerely,**
**Gurdeep Singh Sekhon**
**Officiating Principal**
**Bhai Kahan Singh Nabha PM**
**Shri GSSS Girls Nabha**

# ਸੰਪਾਦਕੀ ਬੋਰਡ



**ਹਰਜੀਤ ਕੌਰ**
ਲੈਕਚਰਾਰ ਪੰਜਾਬੀ
ਮੁੱਖ ਸੰਪਾਦਕ



**ਸੁਰਜੀਤ ਸਿੰਘ ਖਾਂਗ**
ਪੰਜਾਬੀ ਮਾਸਟਰ
(ਸਟੇਟ ਅਵਾਰਡੀ)
ਸੰਪਾਦਕ ਪੰਜਾਬੀ ਵਿਭਾਗ



**ਅੰਜਨਾ ਸਹਿਗਲ**
ਹਿੰਦੀ ਮਿਸਟ੍ਰੈੱਸ
ਸੰਪਾਦਕ ਹਿੰਦੀ ਵਿਭਾਗ



**ਕੁਲਜਿੰਦਰਜੀਤ ਕੌਰ**
ਅੰਗਰੇਜ਼ੀ ਲੈਕਚਰਾਰ
ਸੰਪਾਦਕ ਅੰਗਰੇਜ਼ੀ ਵਿਭਾਗ



**ਨਿਰਭੈ ਸਿੰਘ ਰਾਏ**
ਸਮਾਜਿਕ ਸਿੱ. ਮਾਸਟਰ
ਸੰਪਾਦਕ ਕਲਾ ਵਿਭਾਗ



**ਡਾ. ਗੁਰਦੀਪ ਕੌਰ**
ਅੰਗਰੇਜ਼ੀ ਮਿਸਟ੍ਰੈੱਸ
ਸਹਿ-ਸੰਪਾਦਕ



**ਬਲਵਿੰਦਰ ਕੌਰ**
ਸਾਇੰਸ ਮਿਸਟ੍ਰੈੱਸ
ਸਹਿ-ਸੰਪਾਦਕ



**ਜਸਰੀਨ ਕੌਰ**
ਐੱਸ ਐੱਸ ਮਿਸਟ੍ਰੈੱਸ
ਸਹਿ-ਸੰਪਾਦਕ



**ਰਮਨਪ੍ਰੀਤ ਕੌਰ**
ਕੰਪਿਊਟਰ ਫੈਕਲਟੀ
ਸਹਿ-ਸੰਪਾਦਕ



**ਜਸਮੀਤ ਕੌਰ**
ਨੌਵੀਂ ਈ
ਵਿਦਿਆਰਥੀ ਸੰਪਾਦਕ
ਪੰਜਾਬੀ ਵਿਭਾਗ



**ਸੁਖਮਨਦੀਪ ਕੌਰ**
ਨੌਵੀਂ ਏ
ਵਿਦਿਆਰਥੀ ਸੰਪਾਦਕ
ਹਿੰਦੀ ਵਿਭਾਗ



**ਲਵਪ੍ਰੀਤ ਕੌਰ**
ਬਾਰਵੀਂ ਜੇ
ਵਿਦਿਆਰਥੀ ਸੰਪਾਦਕ
ਅੰਗਰੇਜ਼ੀ ਵਿਭਾਗ



**ਸੁਮਨਦੀਪ ਕੌਰ**
ਨੌਵੀਂ ਏ
ਵਿਦਿਆਰਥੀ ਸੰਪਾਦਕ
ਕਲਾ ਵਿਭਾਗ

# ਸਾਡੇ ਸਕੂਲ ਦਾ ਸਟਾਫ਼


ਜਸਪ੍ਰੀਤ ਕੌਰ
ਲੈਕ. ਸੰਸਕ੍ਰਿਤ
ਨਿਸ਼ਾ ਰਾਣੀ
ਲੈਕ. ਅਰਥ ਸ਼ਾਸ਼ਤਰ
ਮੁਕਤਾ ਬੱਤਾ
ਲੈਕ. ਇਤਿਹਾਸ
ਅੰਸ਼ੂ ਸੇਠ
ਸ.ਸ. ਮਿਸਟ੍ਰੈੱਸ
ਹਰਪ੍ਰੀਤ ਕੌਰ
ਗਣਿਤ ਮਿਸਟ੍ਰੈੱਸ
ਜਸਰੀਨ ਕੌਰ
ਸ.ਸ ਮਿਸਟ੍ਰੈੱਸ
ਪ੍ਰਿਅੰਕਾ ਸਿੰਗਲਾ
ਗਣਿਤ ਮਿਸਟ੍ਰੈੱਸ
ਬੇਅੰਤ ਸਿੰਘ
ਡੀ.ਪੀ.ਈ
ਮਧੂਬਾਲਾ
ਹਿੰਦੀ ਮਿਸਟ੍ਰੈੱਸ
ਅੰਮ੍ਰਿਤਪਾਲ ਕੌਰ
ਪੰਜਾਬੀ ਮਿਸਟ੍ਰੈੱਸ
ਸਵਿਤਾ ਰਾਣੀ ਸੂਦ
ਸ.ਸ. ਮਿਸਟ੍ਰੈੱਸ
ਡਾ. ਗੁਰਦੀਪ ਕੌਰ
ਅੰਗਰੇਜ਼ੀ ਮਿਸਟ੍ਰੈੱਸ
ਸੰਤੋਸ਼ ਕੁਮਾਰੀ
ਅੰਗਰੇਜ਼ੀ ਮਿਸਟ੍ਰੈੱਸ
ਮੰਜੂ ਵਧਵਾ
ਵੋਕੇਸ਼ਨਲ ਮਿਸਟ੍ਰੈੱਸ
ਸਿਮਰਨਜੀਤ ਕੌਰ
ਵੋਕੇਸ਼ਨਲ ਮਿਸਟ੍ਰੈੱਸ
ਨਿਰਭੈ ਸਿੰਘ
ਸ.ਸ. ਮਾਸਟਰ
ਅੰਜਨਾ
ਹਿੰਦੀ ਮਿਸਟ੍ਰੈੱਸ
ਕਮਲਦੀਪ
ਹਿੰਦੀ ਮਿਸਟ੍ਰੈੱਸ
ਸ਼ਸ਼ੀ
ਹੋਮ ਸਾਇੰਸ ਮਿਸਟ੍ਰੈੱਸ
ਸੁਰਜੀਤ ਸਿੰਘ
ਪੰਜਾਬੀ ਮਾਸਟਰ
ਬਲਵਿੰਦਰ ਕੌਰ
ਸਾਇੰਸ ਮਿਸਟ੍ਰੈੱਸ
ਸੰਦੀਪ ਕੌਰ
ਗਣਿਤ ਮਿਸਟ੍ਰੈੱਸ
ਬਲਵਿੰਦਰ ਕੌਰ
ਪੰਜਾਬੀ ਮਿਸਟ੍ਰੈੱਸ
ਨਨੀਤਾ ਜੋਸ਼ੀ
ਸਾਇੰਸ ਮਿਸਟ੍ਰੈੱਸ
ਮਮਤਾ ਰਾਣੀ
ਸ.ਸ. ਮਿਸਟ੍ਰੈੱਸ
ਇਕਬਾਲ ਸਿੰਘ ਰਾਣੂੰ
ਅੰਗਰੇਜ਼ੀ ਮਸਾਟਰ
ਨੀਲਮਾਂ
ਸਾਇੰਸ ਮਿਸਟ੍ਰੈੱਸ
ਸੁਮਨਾ ਰਾਣੀ
ਗਣਿਤ ਮਿਸਟ੍ਰੈੱਸ
ਪਰਮਜੀਤ ਕੌਰ
ਸਾਇੰਸ ਮਿਸਟ੍ਰੈੱਸ
ਰਾਜੇਸ਼ ਕੁਮਾਰ
ਆਰਟ ਐਂਡ ਕਰਾਫ਼ਟ


ਸਕੂਲ ਦੀ ਸ਼ਾਨ, ਸਾਡਾ ਮਾਣ ਧੀਆਂ
ਬੋਰਡ ਪ੍ਰੀਖਿਆ ਵਿੱਚ ਮੈਰਿਟ ਹਾਸਲ ਕਰਨ ਵਾਲ਼ੇ ਬੱਚੇ
ਜਸਪ੍ਰੀਤ ਕੌਰ
ਪੁੱਤਰੀ ਗੁਰਮੀਤ ਸਿੰਘ
ਬਾਰਵੀਂ ਕਮਰਸ
ਸੁਮਨਦੀਪ ਕੌਰ
ਪੁੱਤਰੀ ਨਿਰਮਲ ਸਿੰਘ
ਅੱਠਵੀਂ ਏ
ਰੀਤਿਕਾ ਸ਼ਰਮਾ
ਪੁੱਤਰੀ ਮਨਦੀਪ ਕੁਮਾਰ
ਅੱਠਵੀਂ ਏ
NMMS/PSTSE ਮੈਰਿਟ ਹਾਸਲ ਕੀਤੀ
ਸੁਖਮਨਦੀਪ ਕੌਰ
ਪੁੱਤਰੀ ਮਾ. ਸੁਰਜੀਤ ਸਿੰਘ
ਅੱਠਵੀਂ ਏ
ਹਰਸ਼ਿਤਾ
ਪੁੱਤਰੀ ਵਿਕਾਸ ਕੁਮਾਰ
ਅੱਠਵੀਂ ਏ
ਆਇਸ਼ਾ
ਪੁੱਤਰੀ ਮੁਹੰਮਦ ਅਖਤਰ
ਅੱਠਵੀਂ ਏ
ਰੀਤਿਕਾ ਸ਼ਰਮਾ
ਪੁੱਤਰੀ ਮਨਦੀਪ ਕੁਮਾਰ
ਅੱਠਵੀਂ ਏ
ਸਿਮਰਨ
ਪੁੱਤਰੀ ਵਿਜੇ ਕੁਮਾਰ
ਅੱਠਵੀਂ ਏ

# ਵਿਸ਼ੇਸ਼ ਧੰਨਵਾਦ

ਅਸੀਂ ਮਾਣਯੋਗ ਸ਼ਖ਼ਸੀਅਤਾਂ/ਸੰਸਥਾਵਾਂ ਦਾ ਤਹਿ ਦਿੱਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦਾ ਸਕੂਲ ਨੂੰ ਹਮੇਸ਼ਾ ਹੀ ਸਹਿਯੋਗ ਰਿਹਾ ਹੈ। ਇਨ੍ਹਾਂ ਦੁਆਰਾ ਜਿੱਥੇ ਸਕੂਲ ਦੀਆਂ ਹੁਸ਼ਿਆਰ ਵਿਦਿਆਰਥਣਾਂ ਨੂੰ ਹਰ ਸਾਲ ਵਜ਼ੀਫ਼ਿਆ ਨਾਲ ਸਨਮਾਨਤ ਕੀਤਾ ਜਾਂਦਾ ਹੈ ਉੱਥੇ ਹੀ ਲੋੜਵੰਦ ਵਿਦਿਆਰਥਣਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਜਿਵੇਂ ਕਿ:–

- **ਸੋਹੀ/ਸੇਖੋਂ ਪਰਿਵਾਰ (ਅਮਰੀਕਾ)**
- **ਕਮਿਊਨਟੀ ਡਿਵੈਲਪਮੈਂਟ ਫਾਊਂਡੇਸ਼ਨ, ਨਾਭਾ**
- **ਅਮਲ ਸੋਸਾਇਟੀ, ਨਾਭਾ**
- **ਭਾਈ ਕਾਹਨ ਸਿੰਘ ਨਾਭਾ ਜੀ ਦਾ ਪਰਿਵਾਰ**
- **ਲਾਇਨਜ਼ ਕਲੱਬ, ਨਾਭਾ**
- **ਰੋਟਰੀ ਕਲੱਬ ਨਾਭਾ ਗਰੇਟਰ, ਨਾਭਾ**
- **ਮਲਕੀਤ ਐਗ੍ਰੋ ਟੈੱਕ ਪ੍ਰਾਈਵੇਟ ਲਿਮ. ਨਾਭਾ**
- **ਸ੍ਰੀਮਤੀ ਸੁਖਵਿੰਦਰ ਕੌਰ ਲੈਕ. ਰਾਜਨੀਤੀ ਸ਼ਾਸ਼ਤਰ**
- **ਸ੍ਰੀ ਸੁਖਵਿੰਦਰ ਸਿੰਘ ਸੇਵਾ ਮੁਕਤ ਅਧਿਆਪਕ**
- **ਸ੍ਰੀਮਤੀ ਹਰਜੀਤ ਕੌਰ ਸੇਵਾ ਮੁਕਤ ਲੈਕ. ਪੰਜਾਬੀ**

ਇਸ ਤੋਂ ਬਿਨ੍ਹਾਂ ਸਕੂਲ ਪ੍ਰਗਤੀ ਲਈ ਕਾਰਜ਼ਸ਼ੀਲ ਸਕੂਲ ਪ੍ਰਬੰਧਕ ਕਮੇਟੀ, ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਅਤੇ ਤਹਿਸੀਲ ਨਾਭਾ ਦੇ ਪ੍ਰਬੰਧਕੀ ਅਦਾਰੇ, ਜੋ ਸਕੂਲ ਦੀ ਬਿਹਤਰੀ ਅਤੇ ਤਰੱਕੀ ਲਈ ਸਾਡਾ ਹਮੇਸ਼ਾ ਸਹਿਯੋਗ ਕਰਦੇ ਹਨ; ਅਸੀ ਇਹਨਾਂ ਸਭ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ।

ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪੂਰਨ ਸਹਿਯੋਗ ਦੀ ਆਸ ਨਾਲ਼

**ਪ੍ਰਿੰਸੀਪਲ,**

**ਸਮੂਹ ਸਟਾਫ਼ ਅਤੇ ਵਿਦਿਆਰਥੀ**

**ਭਾਈ ਕਾਹਨ ਸਿੰਘ ਨਾਭਾ,**

**ਪੀ.ਐੱਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਨਾਭਾ**

## ਸਕੂਲ ਦੀਆਂ ਵਿਸ਼ੇਸ਼ਤਾਵਾਂ

- 6ਵੀਂ ਤੋਂ 12ਵੀਂ ਤੱਕ ਪੰਜਾਬੀ ਤੇ ਅੰਗਰੇਜੀ ਮਾਧਿਅਮ ਵਿੱਚ ਵਧੀਆ ਪੜ੍ਹਾਈ।
- ਖੇਡਾਂ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਦੀ ਤਿਆਰੀ ਅਤੇ ਵੱਖ-2 ਮੁਕਾਬਲਿਆਂ ਵਿੱਚ ਬੱਚਿਆਂ ਦੀ ਰਾਜ ਅਤੇ ਰਾਸ਼ਟਰੀ ਪੱਧਰ ਤੱਕ ਸ਼ਮੂਲੀਅਤ।
- ਮੁਫ਼ਤ ਕਿਤਾਬਾਂ, 6ਵੀਂ ਤੋਂ 8ਵੀਂ ਤੱਕ ਮੁਫ਼ਤ ਵਰਦੀਆਂ ਅਤੇ ਦੁਪਹਿਰ ਦਾ ਪੌਸ਼ਟਿਕ ਭੋਜਨ।



- 6ਵੀਂ ਤੋਂ 10ਵੀਂ ਤੱਕ ਫੀਸ ਮਾਫ਼
- ਲਾਇਬਰੇਰੀ ਦੀ ਸਹੂਲਤ
- ਪ੍ਰੋਜ਼ੈਕਟਰ ਤੇ ਐਜੂਸੈਂਟ ਰਾਹੀਂ ਪੜ੍ਹਾਈ।
- ਜਨਰੇਟਰ ਦੀ ਸੁਵਿਧਾ।
- ਕਿੱਤਾ ਚੋਣ ਸਬੰਧੀ ਗਾਇਡੈਂਸ ਤੇ ਕੌਂਸਲਿੰਗ
- ਵਿਗਿਆਨ, ਗਣਿਤ, ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਦੇ ਮੇਲੇ
- SC ਤੇ ਘੱਟ ਗਿਣਤੀ ਬੱਚਿਆਂ ਲਈ ਵਜ਼ੀਫ਼ਾ



- ਵਿੱਦਿਅਕ ਪਾਰਕ
- ਕੰਪਿਊਟਰ ਲੈਬਜ਼
- ਆਰਟ ਤੇ ਕਰਾਫ਼ਟ ਲੈਬ
- ਸਵੈ ਰੱਖਿਆ ਲਈ ਕਰਾਟੇ ਟ੍ਰੇਨਿੰਗ
- ਆਰ.ਓ. ਤੇ ਵਾਟਰ ਕੂਲਰ
- ਵਿੱਦਿਅਕ ਟੂਰ
- ਕਮਜ਼ੋਰ ਵਿੱਦਿਆਰਥੀਆਂ ਲਈ ਵਾਧੂ ਜਮਾਤਾਂ




- ਖੇਡਾਂ ਲਈ ਵਿਸ਼ੇਸ਼ ਮੈਦਾਨ ਅਤੇ ਯੋਗ ਅਧਿਆਪਕ
- ਸਲਾਨਾ ਸਮਾਰੋਹ
- ਬੱਚਿਆਂ ਲਈ ਸਰਕਾਰ ਵੱਲੋਂ ਬਸ ਸੇਵਾ ਦਾ ਪ੍ਰਬੰਧ
- ਬੱਚਿਆਂ ਦੇ ਉਤਸ਼ਾਹ ਲਈ ਸਲਾਨਾ ਸਕੂਲ ਰਸਾਲਾ

## ਮੁੱਖ ਸੰਪਾਦਕ

## ਹਰਜੀਤ ਕੌਰ ਲੈਕਚਰਾਰ ਪੰਜਾਬੀ

ਵਿਗਿਆਨ ਦੀ ਵਡਮੁੱਲੀ ਕਾਢ ਇੰਟਰਨੈੱਟ ਸਦਕਾ ਸਿੱਖਿਆ ਖੇਤਰ ਵਿੱਚ ਵੀ ਇੱਕ ਵੱਡੀ ਤਬਦੀਲੀ ਆਈ ਹੈ। ਜਿੱਥੇ ਇਸਨੇ ਉਸਾਰੂ ਭੂਮਿਕਾ ਨਿਭਾਈ ਹੈ ਉੱਥੇ ਹੀ ਅੱਜ ਬੱਚਿਆਂ ਨੂੰ ਸੋਸ਼ਲ ਮੀਡੀਆ ਆਦਿ ਦੀ ਦਲਦਲ ਵਿੱਚ ਫਸਾਇਆ ਹੈ ਜੋਕਿ ਅਤਿ ਚਿੰਤਾ ਦਾ ਵਿਸ਼ਾ ਹੈ। ਪੁਰਾਣੇ ਸਮੇਂ ਵਿੱਚ ਘਰ ਦੇ ਬਜ਼ੁਰਗ ਬੱਚਿਆਂ ਨੂੰ ਕਹਾਣੀਆਂ ਸੁਣਾਉਂਦੇ, ਬਾਤਾਂ ਪਾਉਂਦੇ ਅਤੇ ਆਪਣੇ ਵਿਰਸੇ ਬਾਰੇ ਦੱਸਦੇ ਸੀ। ਜਿਸ ਨਾਲ਼ ਬੱਚਿਆਂ ਦਾ ਰੁਝਾਨ ਚੰਗੀਆਂ ਕਿਤਾਬਾਂ, ਕਹਾਣੀਆਂ ਪੜ੍ਹਨ ਵੱਲ ਜਾਂਦਾ ਸੀ ਅਤੇ ਬੱਚੇ ਵੀ ਉਹਨਾਂ ਦੀ ਵੇਖਾ-ਵੇਖੀ ਰਸਾਲੇ, ਅਖਬਾਰ ਪੜ੍ਹ ਲੈਂਦੇ ਸੀ, ਪਰ ਅੱਜ-ਕੱਲ੍ਹ ਇਹ ਰੁਝਾਨ ਘੱਟਦਾ ਜਾ ਰਿਹਾ ਹੈ। ਇਸ ਸਭ ਦੇ ਜ਼ਿੰਮੇਵਾਰ ਅਸੀਂ ਖੁਦ ਅਤੇ ਸਾਡਾ ਸਮਾਜ ਹੈ। ਸਾਨੂੰ ਬੱਚਿਆਂ ਨੂੰ ਕਿਤਾਬਾਂ ਨਾਲ਼ ਜੋੜਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਕਿਤਾਬਾਂ ਇਨਸਾਨ ਦੀਆਂ ਚੰਗੀਆਂ ਦੋਸਤ ਹੁੰਦੀਆਂ ਹਨ ਅਤੇ ਇਹ ਇਕੱਲਾਪਣ ਦੂਰ ਕਰਦੀਆਂ ਹਨ। ਕਿਤਾਬਾਂ ਪੜ੍ਹਨ ਨਾਲ਼ ਦਿਮਾਗੀ ਕਸਰਤ ਹੁੰਦੀ ਹੈ। ਇਹ ਸਾਡੀ ਜਾਣਕਾਰੀ ਵਿੱਚ ਵਾਧਾ ਕਰਦੀਆਂ ਹਨ। ਕਿਤਾਬਾਂ ਸਾਨੂੰ ਨੈਤਿਕ ਕਦਰਾਂ ਕੀਮਤਾਂ ਵੀ ਸਿਖਾਉਂਦੀਆਂ ਹਨ। ਸਕੂਲਾਂ ਵਿੱਚ ਅਧਿਆਪਕ ਵੀ ਵਿਦਿਆਰਥੀਆਂ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ, ਸਕੂਲਾਂ ਅਤੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿੱਚ ਵੀ ਚੰਗੀਆਂ ਕਿਤਾਬਾਂ ਦੀ ਗਿਣਤੀ ਵਿੱਚ ਇਜ਼ਾਫ਼ਾ ਕਰਨ ਤਾਂ ਜੋ ਵਿਦਿਆਰਥੀਆਂ ਦਾ ਰੁਝਾਨ ਵਧੇ। ਇੰਮਪਰੂਵਮੈਂਟ ਟਰੱਸਟ ਵਰਗੀਆਂ ਕਈ ਸਮਾਜ ਸੇਵੀ ਸੰਸਥਾਵਾਂ ਕਿਤਾਬਾਂ ਦੇ ਲੰਗਰ ਲਾ ਕੇ ਸਹੀ ਅਰਥਾਂ ਵਿੱਚ ਸਮਾਜ ਸੇਵਾ ਦਾ ਕੰਮ ਕਰ ਰਹੀਆਂ ਹਨ। ਇਸ ਤਰ੍ਹਾਂ ਵੱਧ ਤੋਂ ਵੱਧ ਕਿਤਾਬਾਂ ਦੇ ਲੰਗਰ ਲਾਉਣੇ ਚਾਹੀਦੇ ਹਨ।

ਪਿਆਰੇ ਬੱਚਿਓ, ਆਪਣੇ ਸਕੂਲ ਦਾ ਨਾਂ ਵੀ ਬਹੁਤ ਪ੍ਰਸਿੱਧ ਸਾਹਿਤਕਾਰ, ਵਿਦਵਾਨ, ਲੇਖਕ ਭਾਈ ਕਾਨ੍ਹ ਸਿੰਘ ਨਾਭਾ ਦੇ ਨਾਂ 'ਤੇ ਹੈ। ਜਿਹਨਾਂ ਦੀ ਸੰਸਾਰ ਨੂੰ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਦੀ ਵੱਡਮੁੱਲੀ ਦੇਣ ਹੈ। ਇਹਨਾਂ ਦੇ ਨਾਲ਼ ਹੀ ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਡਾ. ਸੁਰਜੀਤ ਪਾਤਰ ਅਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਅਨੇਕਾਂ ਹੀ ਕਵੀਆਂ ਦੀਆਂ ਪੁਸਤਕਾਂ ਹੋਂਦ ਵਿੱਚ ਹਨ। ਜੋ ਸਾਨੂੰ ਕੁਦਰਤ ਤੇ ਸਮਾਜ ਨਾਲ਼ ਜੋੜਨ ਦੀ ਸਿੱਖਿਆ ਦਿੰਦੀਆਂ ਹਨ। ਆਸ ਕਰਦੀ ਹਾਂ ਕਿ ਤੁਸੀਂ ਚੰਗੀਆਂ ਕਿਤਾਬਾਂ ਪੜ੍ਹ ਕੇ ਚੰਗੇ ਨਾਗਰਿਕ ਬਣੋਗੇ ਅਤੇ ਆਪਣੇ ਸਕੂਲ, ਮਾਪੇ, ਅਧਿਆਪਕ ਅਤੇ ਸਮਾਜ ਦਾ ਨਾਂ ਰੌਸ਼ਨ ਕਰੋਗੇ।

**ਹਰਜੀਤ ਕੌਰ**
**ਲੈਕ: ਪੰਜਾਬੀ**

## Green School

We are pleased to imform you all that our school is declared as Green School by G.S.P Audit (2024-25). It is among the top 5% of the schools that submitted the audit this year. What is Green School? A Green School is a resource efficient school that meets most of the criteria given below:

1) Window Floor Ratio (WFR) more than 12% Majority of the population use sustainable mode of transport.
2) Maximum use of energy efficient lighting to conserve energy and use of alternative sources of energy.
3) Maintain a high green cover inside and around school campus along with greater biodiversity by planting native species of plants.
4) Segregate waste at source efficiently and dispose of responsibly. Recycling atleast 90% of the waste is recommended.
5) Our school is declared as Green School means that our practices across all domains of the audit- Air, Energy, Food, Land and Water waste are sustainable and 'Green'.

So, each student of our school is now a young environmentalist who will do her best to maintain the healthy environment of our school.

Thanks



**Mrs. Nanita Joshi**
**Incharge Eco-Club**

# ਵਿੱਦਿਅਕ ਪ੍ਰਾਪਤੀਆਂ (2023-24)

## ਬੋਰਡ ਮੈਰਿਟ ਸੂਚੀ ਵਿੱਚ ਦਰਜ ਵਿਦਿਆਰਥੀ

| ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਪ੍ਰਾਪਤ ਅੰਕ |
|---|---|---|---|
| ਜਸਪ੍ਰੀਤ ਕੌਰ | ਗੁਰਮੀਤ ਸਿੰਘ | ਬਾਰਵੀਂ-ਕਮਰਸ | 97.80% |
| ਸੁਮਨਦੀਪ ਕੌਰ | ਨਿਰਮਲ ਸਿੰਘ | 8-ਏ | 98.33% |
| ਰੀਤਿਕਾ ਸ਼ਰਮਾ | ਮਨਦੀਪ ਕੁਮਾਰ | 8-ਏ | 98.17% |

## NMMS/PSTSE ਮੈਰਿਟ ਹਾਸਲ ਕਰਨ ਵਾਲ਼ੇ ਵਿਦਿਆਰਥੀ

| ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਪ੍ਰਾਪਤੀ | ਪ੍ਰਾਪਤ ਅੰਕ |
|---|---|---|---|---|
| ਸੁਖਮਨਦੀਪ ਕੌਰ | ਸੁਰਜੀਤ ਸਿੰਘ | 8ਵੀਂ-ਏ | PSTSE | 108 |
| ਹਰਸ਼ਿਤਾ | ਵਿਕਾਸ ਕੁਮਾਰ | 8ਵੀਂ-ਏ | NMMS | 108 |
| ਆਇਸ਼ਾ | ਮੁਹੰਮਦ ਅਖ਼ਤਰ | 8ਵੀਂ-ਏ | NMMS | 95 |
| ਰੀਤਿਕਾ ਸ਼ਰਮਾ | ਮਨਦੀਪ ਕੁਮਾਰ | 8ਵੀਂ-ਏ | PSTSE | 92 |
| ਸਿਮਰਨ | ਵਿਜੇ ਕੁਮਾਰ | 8ਵੀਂ-ਏ | NMMS | 89 |


## ਜ਼ਿਲ੍ਹਾ ਪੱਧਰ ਦੀਆਂ ਪ੍ਰਾਪਤੀਆਂ 2024-25

| ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਪ੍ਰਾਪਤੀ | ਸਥਾਨ |
|---|---|---|---|---|
| ਜਸਮੀਤ ਕੌਰ | ਗੁਰਚਰਨ ਸਿੰਘ | 9ਵੀਂ-ਈ | ਮੌਲਿਕ ਕਵਿਤਾ ਲਿਖਣਾ | ਪਹਿਲਾ |
| ਮਨਜੋਤ ਕੌਰ | ਕੁਲਦੀਪ ਸਿੰਘ | 8ਵੀਂ-ਬੀ | ਸਲੋਗਨ | ਦੂਸਰਾ |

## ਬਲਾਕ ਪੱਧਰ ਵਿੱਦਿਅਕ ਪ੍ਰਾਪਤੀਆਂ 2024-25

| ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਪ੍ਰਾਪਤੀ | ਸਥਾਨ |
|---|---|---|---|---|
| ਸੁਮਨਦੀਪ ਕੌਰ | ਨਿਰਮਲ ਸਿੰਘ | 9ਵੀਂ-ਏ | ਕਵਿਤਾ ਗਾਇਨ ਅਤੇ ਸਾਇੰਸ ਪ੍ਰਦਰਸ਼ਨੀ | ਪਹਿਲਾ |
| ਦੀਕਸ਼ਾ ਸ਼ਰਮਾ | ਰਾਕੇਸ਼ ਕੁਮਾਰ | 11ਵੀਂ | ਕਲੇਅ ਮਾਡਲਿੰਗ | ਪਹਿਲਾ |
| ਜਸ਼ਨ | ਮੇਜਰ ਖਾਂ | 12ਵੀਂ-ਏ | ਗਾਇਨ ਮੁਕਾਬਲਾ | ਪਹਿਲਾ |
| ਵਾਣੀ | | 6ਵੀਂ-ਏ | ਸਾਇੰਸ ਪ੍ਰਦਰਸ਼ਨੀ | ਪਹਿਲਾ |
| ਮਨਜੋਤ ਕੌਰ | | 6ਵੀਂ-ਏ | ਬੈਸਟ ਆਊਟ ਆਫ ਵੇਸਟ | ਪਹਿਲਾ |
| ਮਨਜੋਤ ਕੌਰ | ਕੁਲਦੀਪ ਸਿੰਘ | 8ਵੀਂ-ਬੀ | ਸਲੋਗਨ | ਪਹਿਲਾ |
| ਮਨਜੋਤ ਕੌਰ | | 6ਵੀਂ-ਏ | ਪੋਸਟਰ ਮੇਕਿੰਗ | ਪਹਿਲਾ |
| ਸਿਮਰਨ ਕੌਰ | ਸਤਨਾਮ ਸਿੰਘ | 9ਵੀਂ-ਈ | ਪੋਸਟਰ ਮੇਕਿੰਗ | ਪਹਿਲਾ |
| ਅਵਨੀਤ ਕੌਰ | ਸਤਨਾਮ ਸਿੰਘ | 8ਵੀਂ-ਏ | ਲੇਖ ਮੁਕਾਬਲਾ | ਪਹਿਲਾ |
| ਰੀਤਿਕਾ ਸ਼ਰਮਾ | ਮਨਦੀਪ ਕੁਮਾਰ | 9ਵੀਂ-ਏ | ਲੇਖ ਮੁਕਾਬਲਾ | ਦੂਸਰਾ |
| ਪ੍ਰੀਤਿਕਾ | ਕੁਲਦੀਪ ਦੁਆ | 6ਵੀਂ-ਏ | ਕੁਇਜ਼ ਮੁਕਾਬਲਾ | ਦੂਸਰਾ |
| ਕ੍ਰਿਸ਼ਕਾ | ਮਨਦੀਪ ਕੁਮਾਰ | 7ਵੀਂ-ਏ | ਕੁਇਜ਼ ਮੁਕਾਬਲਾ | ਦੂਸਰਾ |
| ਅਨੱਨਿਆ | ਸੰਜੀਵ ਕੁਮਾਰ | 8ਵੀਂ-ਏ | ਕੁਇਜ਼ ਮੁਕਾਬਲਾ | ਦੂਸਰਾ |
| ਨਵਦੀਪ ਕੌਰ | | 6ਵੀਂ-ਏ | ਸਾਇੰਸ ਪ੍ਰਦਰਸ਼ਨੀ | ਦੂਸਰਾ |
| ਸੁੱਖਮਨੀ ਲਾਂਬਾ | | 11ਵੀਂ-ਜੀ | ਬੈਸਟ ਆਊਟ ਆਫ ਵੇਸਟ | ਦੂਸਰਾ |
| ਗੁਰਅਮਾਨਤ ਕੌਰ | | 11ਵੀਂ | ਸਲੋਗਨ | ਦੂਸਰਾ |

**ਇਕਾਂਗੀ ਮੁਕਾਬਲੇ ਵਿੱਚ ਸਕੂਲ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ**



# ਖੇਡ ਪ੍ਰਾਪਤੀਆਂ 2024-25

## ਰਾਜ ਅਤੇ ਰਾਸ਼ਟਰ ਪੱਧਰ

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਖੇਡ | ਸਥਾਨ |
|---|---|---|---|---|
| ਰੀਤੂ | ਗਿਆਦੀਨ | 12ਵੀਂ | ਕ੍ਰਿਕਟ U-19 | ਦੂਸਰਾ ਅਤੇ ਰਾਸ਼ਟਰ ਪੱਧਰ ਤੇ ਭਾਗ ਲਿਆ |
| ਦੀਕਸ਼ਾ ਸ਼ਰਮਾ | ਰਕੇਸ਼ ਕੁਮਾਰ | 11ਵੀਂ | ਕ੍ਰਿਕਟ U-19 | ਦੂਸਰਾ |
| ਬੇਬੀ ਕੌਰ | ਰਜਿੰਦਰ ਸਿੰਘ | 11ਵੀਂ | ਕ੍ਰਿਕਟ U-19 | ਦੂਸਰਾ |
| ਮਹਿਕਦੀਪ ਕੌਰ | ਹਰਮਨਦੀਪ ਸਿੰਘ | 11ਵੀਂ-ਕੇ | ਹੈਂਡਬਾਲ | ਤੀਸਰਾ |
| ਸੁਖਮਨਦੀਪ ਕੌਰ | ਸੁਰਜੀਤ ਸਿੰਘ | 9ਵੀਂ-ਏ | ਬੈਡਮਿੰਟਨ | ਚੌਥਾ ਸਥਾਨ ਅਤੇ ਨੈਸ਼ਨਲ ਕੈਂਪ |
| ਹਰਮਨਦੀਪ ਕੌਰ | ਹਰਮੇਸ਼ ਕੁਮਾਰ | 11ਵੀਂ-ਬੀ | ਹਾਕੀ | ਭਾਗ ਲਿਆ ਅਤੇ ਨੈਸ਼ਨਲ ਕੈਂਪ |
| ਖੁਸ਼ੀ | ਹਾਕਮ ਸਿੰਘ | 11ਵੀਂ-ਡੀ | ਹਾਕੀ | ਭਾਗ ਲਿਆ |
| ਹੀਨਾ ਰਾਣੀ | ਬਰਿੰਦਰ ਕੁਮਾਰ | 11ਵੀਂ-ਕੇ | ਉੱਚੀ ਛਾਲ਼ | ਭਾਗ ਲਿਆ |
| ਕੀਰਤੀ | ਕੇਵਲ ਕ੍ਰਿਸ਼ਨ | 11ਵੀਂ-ਐੱਲ | ਵਾਲੀਬਾਲ U-17 | ਭਾਗ ਲਿਆ |
| ਸੁਖਮਨਪ੍ਰੀਤ ਕੌਰ | ਸੁਖਵਿੰਦਰ ਸਿੰਘ | 11ਵੀਂ | ਕ੍ਰਿਕਟ U-17 | ਭਾਗ ਲਿਆ |
| ਮਮਤਾ ਰਾਣੀ | ਸੁਖਚੈਨ ਸਿੰਘ | 12ਵੀਂ-ਐੱਚ | ਵਾਲੀਬਾਲ U-19 | ਭਾਗ ਲਿਆ |
| ਮਨਜੋਤ ਕੌਰ | ਜਸਪਾਲ ਸਿੰਘ | 12ਵੀਂ-ਆਈ | ਵਾਲੀਬਾਲ U-19 | ਭਾਗ ਲਿਆ |
| ਖੁਸ਼ਪ੍ਰੀਤ ਕੌਰ | ਮਨਿੰਦਰ ਸਿੰਘ | 12ਵੀਂ-ਆਈ | ਵਾਲੀਬਾਲ U-19 | ਭਾਗ ਲਿਆ |
| ਨੂਰਪਰੀ | ਮਨਜੀਤ ਸਿੰਘ | 12ਵੀਂ-ਡੀ | ਵਾਲੀਬਾਲ U-19 | ਭਾਗ ਲਿਆ |

## ਜ਼ਿਲ੍ਹਾ ਪੱਧਰ
## ਬੈਡਮਿੰਟਨ U-14

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਸਥਾਨ |
|---|---|---|---|
| ਸੁਖਮਨਦੀਪ ਕੌਰ | ਸੁਰਜੀਤ ਸਿੰਘ | 9ਵੀਂ-ਏ | ਚਾਰ ਵੱਖ-ਵੱਖ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਅਤੇ 1500 ਮੀ. ਦੌੜ ਵਿੱਚ ਦੂਸਰਾ ਸਥਾਨ |
| ਚਾਹਤ | ਮਨਜੀਤ ਸਿੰਘ | 9ਵੀਂ-ਏ | ਪਹਿਲਾ ਸਥਾਨ |

## ਵਾਲੀਬਾਲ U-19 ਜ਼ਿਲ੍ਹਾ ਪੱਧਰ

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਸਥਾਨ |
|---|---|---|---|
| ਅਮਨਜੋਤ ਕੌਰ | ਜਸਪਾਲ ਸਿੰਘ | 12ਵੀਂ | ਪਹਿਲਾ |
| ਮਮਤਾ ਰਾਣੀ | ਸੁਖਚੈਨ ਸਿੰਘ | 12ਵੀਂ | ਪਹਿਲਾ |
| ਲੌਰੀਕਾ | ਰੋਹਤਾਸ ਕੁਮਾਰ | 12ਵੀਂ | ਪਹਿਲਾ |
| ਖੁਸ਼ਪ੍ਰੀਤ ਕੌਰ | ਮਨਿੰਦਰ ਸਿੰਘ | 12ਵੀਂ | ਪਹਿਲਾ |
| ਨੂਰਪਰੀ | ਮਨਜੀਤ ਸਿੰਘ | 12ਵੀਂ | ਪਹਿਲਾ |
| ਨੀਤੂ | ਰਮੇਸ਼ਵਰ ਚੰਦ | 11ਵੀਂ | ਪਹਿਲਾ |
| ਜੰਨਤ | ਤਲਵਿੰਦਰ ਕੁਮਾਰ | 12ਵੀਂ | ਪਹਿਲਾ |
| ਅਨੀਤਾ | ਮਹਿੰਦਰ ਸਿੰਘ | 12ਵੀਂ | ਪਹਿਲਾ |

## ਕਬੱਡੀ ਨੈਸ਼ਨਲ ਸਟਾਇਲ U-17

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਸਥਾਨ |
|---|---|---|---|
| ਹੀਨਾ ਰਾਣੀ | ਬਰਿੰਦਰ ਕੁਮਾਰ | 11ਵੀਂ | ਦੂਸਰਾ |
| ਅਨੁਕੇਤ | ਹਰਦੀਪ ਸਿੰਘ | 11ਵੀਂ | ਦੂਸਰਾ |
| ਮਨਸਿਮਰਤ ਕੌਰ | ਸੰਦੀਪ ਸਿੰਘ | 11ਵੀਂ | ਦੂਸਰਾ |
| ਅਰਸ਼ਦੀਪ ਕੌਰ | ਗੁਰਪ੍ਰੀਤ ਸਿੰਘ | 12ਵੀਂ | ਦੂਸਰਾ |

## ਕਰਾਟੇ U-19

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਸਥਾਨ |
|---|---|---|---|
| ਲਵਲੀਨ | ਸੁਖਬੀਰ | 11ਵੀਂ-ਬੀ | ਦੂਸਰਾ |
| ਦੀਕਸ਼ਾ | ਰਾਕੇਸ਼ ਕੁ. ਸ਼ਰਮਾ | 11ਵੀਂ-ਈ | ਤੀਸਰਾ |

## ਅਥਲੈਟਿਕਸ U-17

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | | ਸਥਾਨ |
|---|---|---|---|---|
| ਹੀਨਾ ਰਾਣੀ | ਬਰਿੰਦਰ ਕੁਮਾਰ | 11ਵੀਂ-ਕੇ | ਹਾਈ ਜੰਪ | ਪਹਿਲਾ |
| ਸੁਖਮਨਦੀਪ ਕੌਰ | ਸੁਰਜੀਤ ਸਿੰਘ | 9ਵੀਂ-ਏ | 1500 ਮੀ. | ਦੂਸਰਾ |

## ਅਥਲੈਟਿਕਸ U-19 ਜ਼ਿਲ੍ਹਾ ਪੱਧਰ

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | | ਸਥਾਨ |
|---|---|---|---|---|
| ਐਨਾ | ਰਾਜੇਸ਼ ਕੁਮਾਰ | 12ਵੀਂ | 800 ਮੀ. | ਤੀਸਰਾ |

## ਹਾਕੀ U-17 ਜ਼ਿਲ੍ਹਾ ਪੱਧਰ

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਸਥਾਨ |
|---|---|---|---|
| ਖੁਸ਼ੀ | ਹਾਕਮ ਸਿੰਘ | 11ਵੀਂ | ਤੀਸਰਾ |
| ਜਸਪ੍ਰੀਤ ਕੌਰ | ਹਰਬੰਸ ਸਿੰਘ | 11ਵੀਂ | ਤੀਸਰਾ |
| ਅਨਮੋਲਪ੍ਰੀਤ ਕੌਰ | ਨਿਰਮਲ ਸਿੰਘ | 11ਵੀਂ | ਤੀਸਰਾ |

## ਕ੍ਰਿਕਟ U-19

| ਖਿਡਾਰੀ ਦਾ ਨਾਂ | ਪਿਤਾ ਦਾ ਨਾਂ | ਜਮਾਤ | ਸਥਾਨ |
|---|---|---|---|
| ਸਿਮਰਨਜੀਤ ਕੌਰ | ਦਿਲਵਰ ਸਿੰਘ | +2 ਜੀ | ਪਹਿਲਾ |
| ਸਿਮਰਨ ਝਾਅ | ਘਣ ਸ਼ਿਆਮ ਝਾਅ | +1 ਆਈ | ਪਹਿਲਾ |
| ਪਾਲਕੀ ਸ਼ਰਮਾ | ਰਾਕੇਸ਼ ਕੁਮਾਰ | +2 ਜੇ | ਪਹਿਲਾ |
| ਆਰਤੀ ਕੁਮਾਰੀ | ਜੈ ਪ੍ਰਕਾਸ਼ | +2 ਜੀ | ਪਹਿਲਾ |
| ਖੁਸ਼ਪ੍ਰੀਤ ਕੌਰ | ਜਰਨੈਲ ਸਿੰਘ | +2 ਡੀ | ਪਹਿਲਾ |
| ਅੰਸ਼ਿਕਾ | ਰਾਜੇਸ਼ ਕੁਮਾਰ | +2 ਜੇ | ਪਹਿਲਾ |

## ਨਤੀਜ਼ਾ ਸੈਸ਼ਨ 2023-24 (ਜਮਾਤ ਛੇਵੀਂ)

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਛੇਵੀਂ-ਏ | ਬਾਰਬੀ | ਰੋਹਿਤ ਕੁਮਾਰ | 522/600 | 87% | ਪਹਿਲਾ |
| ਛੇਵੀਂ-ਏ | ਸਿਮਰਨ | ਦੀਪਕ ਸਿੰਘ | 505/600 | 84.2% | ਦੂਸਰਾ |
| ਛੇਵੀਂ-ਏ | ਮਨਜੋਤ ਕੌਰ | ਜਗਤਾਰ ਸਿੰਘ | 496/600 | 82.7% | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਛੇਵੀਂ-ਬੀ | ਮਨਜੋਤ ਕੌਰ | ਨਰਿੰਦਰ ਸਿੰਘ | 555/600 | 92.5% | ਪਹਿਲਾ |
| ਛੇਵੀਂ-ਬੀ | ਖੁਸ਼ੀ | ਵਿੱਕੀ ਕੁਮਾਰ | 517/600 | 86.1% | ਦੂਸਰਾ |
| ਛੇਵੀਂ-ਬੀ | ਤਾਨਿਆ | ਬਾਂਕੇ ਨਾਲ | 472/600 | 78.6% | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਛੇਵੀਂ-ਸੀ | ਮਧੂ | ਪਰਾਵੇਂਦਰ ਕੁਮਾਰ | 578/600 | 96.3% | ਪਹਿਲਾ |
| ਛੇਵੀਂ-ਸੀ | ਖੁਸ਼ਪ੍ਰੀਤ ਕੌਰ | ਲਖਵਿੰਦਰ ਸਿੰਘ | 574/600 | 95.6% | ਦੂਸਰਾ |
| ਛੇਵੀਂ-ਸੀ | ਕਰਮੀ ਦੇਵੀ | ਰਾਜ ਕੁਮਾਰ | 553/600 | 92% | ਤੀਸਰਾ |

## ਸਮੁੱਚਾ ਨਤੀਜ਼ਾ ਛੇਵੀਂ

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਛੇਵੀਂ-ਸੀ | ਮਧੂ | ਪਰਾਵੇਂਦਰ ਕੁਮਾਰ | 578/600 | 96.3% | ਪਹਿਲਾ |
| ਛੇਵੀਂ-ਸੀ | ਖੁਸ਼ਪ੍ਰੀਤ ਕੌਰ | ਲਖਵਿੰਦਰ ਸਿੰਘ | 574/600 | 95.6% | ਦੂਸਰਾ |
| ਛੇਵੀਂ-ਬੀ | ਮਨਜੋਤ ਕੌਰ | ਨਰਿੰਦਰ ਸਿੰਘ | 555/600 | 92.5% | ਤੀਸਰਾ |

## ਜਮਾਤ ਸੱਤਵੀਂ 2023-24

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਸੱਤਵੀਂ-ਏ | ਅਵਨੀਤ ਕੌਰ | ਸਤਨਾਮ ਸਿੰਘ | 588/600 | 98% | ਪਹਿਲਾ |
| ਸੱਤਵੀਂ-ਏ | ਅਵਨੀਤ ਕੌਰ | ਪਪਿੰਦਰ ਸਿੰਘ | 586/600 | 97.6% | ਦੂਸਰਾ |
| ਸੱਤਵੀਂ-ਏ | ਗੁਰਲੀਨ ਕੌਰ | ਰਾਜ | 583/600 | 97.2% | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਸੱਤਵੀਂ-ਬੀ | ਤਾਨੀਆ ਰਾਣੀ | ਲਾਲ ਚੰਦ | 588/600 | 98% | ਪਹਿਲਾ |
| ਸੱਤਵੀਂ-ਬੀ | ਨੰਦਨੀ | ਅਕਲੇਸ਼ ਕੁਮਾਰ | 574/600 | 95.6% | ਦੂਸਰਾ |
| ਸੱਤਵੀਂ-ਬੀ | ਰੀਤਿਕਾ | ਕਰਮਾ ਰਾਮ | 562/600 | 93.6% | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਸੱਤਵੀਂ-ਸੀ | ਰਿੰਪੀ | ਬਿਟੂ ਰਾਮ | 551/600 | 91.8% | ਪਹਿਲਾ |
| ਸੱਤਵੀਂ-ਸੀ | ਨੀਤੂ ਕੁਮਾਰੀ | ਸੁਨੀਲ ਕੁਮਾਰ | 543/600 | 90.5% | ਦੂਸਰਾ |
| ਸੱਤਵੀਂ-ਸੀ | ਓਮਪ੍ਰੀਤ ਕੌਰ | ਹਰਜਿੰਦਰ ਸਿੰਘ | 539/600 | 89.8% | ਤੀਸਰਾ |

## ਸਮੁੱਚਾ ਨਤੀਜ਼ਾ ਸੱਤਵੀਂ

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਪ੍ਰਤੀਸ਼ਤ | ਸਥਾਨ |
|---|---|---|---|---|---|
| ਸੱਤਵੀਂ-ਏ | ਅਵਨੀਤ ਕੌਰ | ਸਤਨਾਮ ਸਿੰਘ | 588/600 | 98% | ਪਹਿਲਾ |
| ਸੱਤਵੀਂ-ਬੀ | ਤਾਨੀਆ ਰਾਣੀ | ਲਾਲ ਚੰਦ | 588/600 | 98% | ਪਹਿਲਾ |
| ਸੱਤਵੀਂ-ਏ | ਅਵਨੀਤ ਕੌਰ | ਪਪਿੰਦਰ ਸਿੰਘ | 586/600 | 97.6% | ਦੂਸਰਾ |
| ਸੱਤਵੀਂ-ਏ | ਗੁਰਲੀਨ ਕੌਰ | ਰਾਜ | 583/600 | 97.2% | ਤੀਸਰਾ |

## ਜਮਾਤ ਅੱਠਵੀਂ 2023-24

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਅੱਠਵੀਂ-ਏ | ਸੁਮਨਦੀਪ ਕੌਰ | ਨਿਰਮਲ ਸਿੰਘ | 590/600 | ਪਹਿਲਾ<br>ਮੈਰਿਟ ਰੈਂਕ 177 |
| ਅੱਠਵੀਂ-ਏ | ਰੀਤਿਕਾ ਸ਼ਰਮਾ | ਮਨਦੀਪ ਕੁਮਾਰ | 589/600 | ਦੂਸਰਾ<br>ਮੈਰਿਟ ਰੈਂਕ 279 |
| ਅੱਠਵੀਂ-ਏ | ਸੁਖਮਨਦੀਪ ਕੌਰ | ਸੁਰਜੀਤ ਸਿੰਘ | 584/600 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਅੱਠਵੀਂ-ਬੀ | ਸਾਕਸ਼ੀ | ਪੁਸ਼ਕਰ ਕੁਮਾਰ | 576/600 | ਪਹਿਲਾ |
| ਅੱਠਵੀਂ-ਬੀ | ਰਕੀਬਾ ਖਾਤੂਨ | ਸ਼ੇਖ ਰਿਜਾਓਲ ਹੱਕ | 569/600 | ਦੂਸਰਾ |
| ਅੱਠਵੀਂ-ਬੀ | ਰਿਧੀ | ਤਰੁਣ ਕੁਮਾਰ | 568/600 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਅੱਠਵੀਂ-ਸੀ | ਦੀਆ ਚੌਧਰੀ | ਸਤਪਾਲ ਚੌਧਰੀ | 576/600 | ਪਹਿਲਾ |
| ਅੱਠਵੀਂ-ਸੀ | ਰਜੀ | ਹਰਭਜਨ ਸਿੰਘ | 540/600 | ਦੂਸਰਾ |
| ਅੱਠਵੀਂ-ਸੀ | ਸਿਮਰਨਪ੍ਰੀਤ ਕੌਰ | ਦਵਿੰਦਰ ਸਿੰਘ | 536/600 | ਤੀਸਰਾ |

## ਸਮੁੱਚਾ ਨਤੀਜ਼ਾ ਅੱਠਵੀਂ

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਅੱਠਵੀਂ-ਏ | ਸੁਮਨਦੀਪ ਕੌਰ | ਨਿਰਮਲ ਸਿੰਘ | 590/600 | ਪਹਿਲਾ |
| ਅੱਠਵੀਂ-ਏ | ਰੀਤਿਕਾ ਸ਼ਰਮਾ | ਮਨਦੀਪ ਕੁਮਾਰ | 589/600 | ਦੂਸਰਾ |
| ਅੱਠਵੀਂ-ਏ | ਸੁਖਮਨਦੀਪ ਕੌਰ | ਸੁਰਜੀਤ ਸਿੰਘ | 584/600 | ਤੀਸਰਾ |

## ਜਮਾਤ ਨੌਵੀਂ 2023-24

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਨੌਵੀਂ-ਏ | ਦਿਲਪ੍ਰੀਤ ਕੌਰ | ਨਰਿੰਦਰ ਕੁਮਾਰ | 643/650 | ਪਹਿਲਾ |
| ਨੌਵੀਂ-ਏ | ਲਵਪ੍ਰੀਤ ਕੌਰ | ਕੁਲਦੀਪ ਸਿੰਘ | 633/650 | ਦੂਸਰਾ |
| ਨੌਵੀਂ-ਏ | ਭਵਨਦੀਪ ਕੌਰ | ਪਪਿੰਦਰ ਸਿੰਘ | 629/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਨੌਵੀਂ-ਬੀ | ਕ੍ਰਿਤੀ ਕੁਮਾਰੀ | ਦਲੀਪ ਸਾਹਨੀ | 562/650 | ਪਹਿਲਾ |
| ਨੌਵੀਂ-ਬੀ | ਚਰਨਜੀਤ | ਸਤਪਾਲ | 553/650 | ਦੂਸਰਾ |
| ਨੌਵੀਂ-ਬੀ | ਕੁਲਵਿੰਦਰ ਕੌਰ | ਨਰਿੰਦਰ ਸਿੰਘ | 551/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਨੌਵੀਂ-ਸੀ | ਗੌਰੀ | ਤੇਜਿੰਦਰ ਸਿੰਘ | 586/650 | ਪਹਿਲਾ |
| ਨੌਵੀਂ-ਸੀ | ਪੂਜਾ ਰਾਣੀ | ਰਾਮ ਕ੍ਰਿਸ਼ਨ | 586/650 | ਪਹਿਲਾ |
| ਨੌਵੀਂ-ਸੀ | ਕੰਚਨ ਵਰਮਾ | ਜੀਵਨ ਕੁਮਾਰ | 571/650 | ਦੂਸਰਾ |
| ਨੌਵੀਂ-ਸੀ | ਹਰਲੀਨ ਕੌਰ | ਲਖਵੀਰ ਸਿੰਘ | 564/650 | ਤੀਸਰਾ |
| ਨੌਵੀਂ-ਸੀ | ਅਕਸ਼ਰਾ | ਸਰੇਸ਼ ਕੁਮਾਰ | 564/650 | ਤੀਸਰਾ |
| ਨੌਵੀਂ-ਸੀ | ਕਾਜਲ | ਵਿਜੈ ਸ਼ੰਕਰ | 564/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਨੌਵੀਂ-ਡੀ | ਜੋਸ਼ਨਦੀਪ ਕੌਰ | ਗੁਰਮੀਤ ਸਿੰਘ | 609/650 | ਪਹਿਲਾ |
| ਨੌਵੀਂ-ਡੀ | ਸਕੀਨਾ | ਸੁਰਾਜ ਮੁਹੰਮਦ | 603/650 | ਦੂਸਰਾ |
| ਨੌਵੀਂ-ਡੀ | ਖੁਸ਼ਪ੍ਰੀਤ ਕੌਰ | ਗੁਰਦਰਸ਼ਨ ਸਿੰਘ | 595/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਨੌਵੀਂ-ਈ | ਰਾਧਾ ਕੁਮਾਰੀ | ਗੋਬਿੰਦ ਸ਼ਾਹ | 606/650 | ਪਹਿਲਾ |
| ਨੌਵੀਂ-ਈ | ਅੰਮ੍ਰਿਤਾ ਕੁਮਾਰੀ | ਪ੍ਰਦੀਪ ਤਾਂਤੀ | 572/650 | ਦੂਸਰਾ |
| ਨੌਵੀਂ-ਈ | ਖੁਸ਼ਪ੍ਰੀਤ ਕੌਰ | ਵਰਿੰਦਰ ਕੁਮਾਰ | 564/650 | ਤੀਸਰਾ |

## ਸਮੁੱਚਾ ਨਤੀਜ਼ਾ ਨੌਵੀਂ

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਨੌਵੀਂ-ਏ | ਦਿਲਪ੍ਰੀਤ ਕੌਰ | ਨਰਿੰਦਰ ਕੁਮਾਰ | 643/650 | ਪਹਿਲਾ |
| ਨੌਵੀਂ-ਏ | ਲਵਪ੍ਰੀਤ ਕੌਰ | ਕੁਲਦੀਪ ਸਿੰਘ | 633/650 | ਦੂਸਰਾ |
| ਨੌਵੀਂ-ਏ | ਭਵਨਦੀਪ ਕੌਰ | ਪਪਿੰਦਰ ਸਿੰਘ | 629/650 | ਤੀਸਰਾ |

## ਜਮਾਤ ਦਸਵੀਂ 2023-24

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਦਸਵੀਂ-ਏ | ਰਮਨਪ੍ਰੀਤ ਕੌਰ | ਨਿਰਮਲ ਸਿੰਘ | 622/650 | ਪਹਿਲਾ |
| ਦਸਵੀਂ-ਏ | ਸ਼ਹਿਨਾਜ | ਬਹਾਦਰ ਖਾਂ | 608/650 | ਦੂਸਰਾ |
| ਦਸਵੀਂ-ਏ | ਦੀਪਿੰਦਰ ਕੌਰ | ਗੁਰਮੀਤ ਸਿੰਘ | 600/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਦਸਵੀਂ-ਬੀ | ਸੁਮੱਈਆ | ਮੁਹੰਮਦ ਹਲੀਮ | 598/650 | ਪਹਿਲਾ |
| ਦਸਵੀਂ-ਬੀ | ਗੁਰਪ੍ਰੀਤ ਕੌਰ | ਰਾਮ ਸਰੂਪ ਸਿੰਘ | 544/650 | ਦੂਸਰਾ |
| ਦਸਵੀਂ-ਬੀ | ਗੁਰਸਹਿਜਨੂਰ | ਦਰਸ਼ਨ ਸਿੰਘ | 511/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਦਸਵੀਂ-ਸੀ | ਪੁਨਪੁਨ ਰਾਣੀ | ਜਗਨਨਾਥ ਪ੍ਰਸ਼ਾਦ | 602/650 | ਪਹਿਲਾ |
| ਦਸਵੀਂ-ਸੀ | ਸੁਖਦੀਪ ਕੌਰ | ਹਰਪਾਲ ਸਿੰਘ | 571/650 | ਦੂਸਰਾ |
| ਦਸਵੀਂ-ਸੀ | ਸਿਮਰਨਜੋਤ ਕੌਰ | ਲਖਮੀਰ ਸਿੰਘ | 567/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਦਸਵੀਂ-ਡੀ | ਪੂਜਾ | ਵਿਜੈ ਸ਼ੰਕਰ | 558/650 | ਪਹਿਲਾ |
| ਦਸਵੀਂ-ਡੀ | ਸੁਹਾਨੀ ਦੇਵੀ | ਰਾਮ ਗੋਪਾਲ | 553/650 | ਦੂਸਰਾ |
| ਦਸਵੀਂ-ਡੀ | ਭੂਮਿਕਾ ਭਾਰਦਵਾਜ | ਵਿਨੋਦ ਕੁਮਾਰ ਭਾਰਦਵਾਜ | 525/650 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਦਸਵੀਂ-ਈ | ਕਰਮਜੀਤ ਕੌਰ | ਚਮਕੌਰ ਸਿੰਘ | 520/650 | ਪਹਿਲਾ |
| ਦਸਵੀਂ-ਈ | ਲਵਪ੍ਰੀਤ ਕੌਰ | ਕ੍ਰਿਸ਼ਨ ਰਾਮ | 518/650 | ਦੂਸਰਾ |
| ਦਸਵੀਂ-ਈ | ਪ੍ਰਵੀਨ | ਕਰਮਜੀਤ ਸਿੰਘ | 509/650 | ਤੀਸਰਾ |

## ਸਮੁੱਚਾ ਨਤੀਜ਼ਾ ਦਸਵੀਂ

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਦਸਵੀਂ-ਏ | ਰਮਨਪ੍ਰੀਤ ਕੌਰ | ਨਿਰਮਲ ਸਿੰਘ | 622/650 | ਪਹਿਲਾ |
| ਦਸਵੀਂ-ਏ | ਸ਼ਹਿਨਾਜ | ਬਹਾਦਰ ਖਾਂ | 608/650 | ਦੂਸਰਾ |
| ਦਸਵੀਂ-ਸੀ | ਪੁਨਪੁਨ ਰਾਣੀ | ਜਗਨਨਾਥ ਪ੍ਰਸ਼ਾਦ | 602/650 | ਤੀਸਰਾ |

## ਜਮਾਤ ਗਿਆਰਵੀਂ 2023-24

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਏ | ਨਵਜੋਤ ਕੌਰ | ਉਂਕਾਰ ਸਿੰਘ | 473/500 | ਪਹਿਲਾ |
| +1 ਏ | ਖੁਸ਼ਪ੍ਰੀਤ ਕੌਰ | ਸੁਖਵਿੰਦਰ ਸਿੰਘ | 466/500 | ਦੂਸਰਾ |
| +1 ਏ | ਸਨੇਹਾ | ਵਾਸੁਦੇਵ | 459/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਕੇ | ਪ੍ਰਨੀਤ ਕੌਰ | ਸਤਨਾਮ ਸਿੰਘ | 488/500 | ਪਹਿਲਾ |
| +1 ਕੇ | ਦੀਆ | ਸੁਖਰਾਜ ਕੁਮਾਰ ਕਸ਼ਯਪ | 468/500 | ਦੂਸਰਾ |
| +1 ਕੇ | ਹਰਸ਼ਦੀਪ ਕੌਰ | ਨਿਰਮਲ ਸਿੰਘ | 463/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਬੀ | ਸ਼ਰੂਤੀ ਜਿੰਦਲ | ਮਹੇਸ਼ ਜਿੰਦਲ | 489/500 | ਪਹਿਲਾ |
| +1 ਬੀ | ਨਮਨਪ੍ਰੀਤ ਕੌਰ | ਕੁਲਦੀਪ ਸਿੰਘ | 482/500 | ਦੂਸਰਾ |
| +1 ਬੀ | ਖੁਸ਼ਦੀਪ ਕੌਰ | ਦਵਿੰਦਰ ਸਿੰਘ | 479/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਸੀ | ਜੁਲਾਇਕਾ ਖਾਤੂਨ | ਸ਼ੇਖ ਰਿਜਾਉਲ ਹੱਕ | 455/500 | ਪਹਿਲਾ |
| +1 ਸੀ | ਪੂਜਾ | ਯਸ਼ਪਾਲ | 437/500 | ਦੂਸਰਾ |
| +1 ਸੀ | ਕਰੀਨਾ ਕੁਮਾਰੀ | ਅਜੈ ਬਾਂਸਲ | 436/500 | ਤੀਸਰਾ |
| +1 ਸੀ | ਪਲਕ | ਪ੍ਰਕਾਸ਼ | 436/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਡੀ | ਅਰਸ਼ਦੀਪ ਕੌਰ | ਸੰਦੀਪ ਕੁਮਾਰ | 483/500 | ਪਹਿਲਾ |
| +1 ਡੀ | ਸੱਭਿਅਤਾ | ਰਾਮ ਲੌਟ | 477/500 | ਦੂਸਰਾ |
| +1 ਡੀ | ਹਿਮਾਨਸ਼ੀ ਪੁਰੀ | ਮਹਿੰਦਰ ਕੁਮਾਰ | 473/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਈ | ਕਿਰਨਪ੍ਰੀਤ ਕੌਰ | ਜਸਵਿੰਦਰ ਸਿੰਘ | 480/500 | ਪਹਿਲਾ |
| +1 ਈ | ਪ੍ਰਭਜੋਤ ਕੌਰ | ਮਹਿੰਗਾ ਸਿੰਘ | 472/500 | ਦੂਸਰਾ |
| +1 ਈ | ਕੋਮਲ | ਅਜੇ ਕੁਮਾਰ | 459/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਐਫ਼ | ਮਨਦੀਪ ਕੌਰ | ਸ਼ਮਸ਼ੇਰ ਸਿੰਘ | 476/500 | ਪਹਿਲਾ |
| +1 ਐਫ਼ | ਮਨਪ੍ਰੀਤ ਕੌਰ | ਜਰਨੈਲ ਸਿੰਘ | 475/500 | ਦੂਸਰਾ |
| +1 ਐਫ਼ | ਜਸ਼ਨਪ੍ਰੀਤ ਕੌਰ | ਮੇਜਰ ਸਿੰਘ | 469/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਜੀ | ਜੀਆ | ਮੱਖਣ ਚੰਦ | 471/500 | ਪਹਿਲਾ |
| +1 ਜੀ | ਜਸਪ੍ਰੀਤ ਕੌਰ | ਕਰਮਜੀਤ ਸਿੰਘ | 457/500 | ਦੂਸਰਾ |
| +1 ਜੀ | ਖੁਸ਼ਵੀਰ ਕੌਰ | ਪ੍ਰੇਮ ਸਿੰਘ | 454/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਐੱਚ | ਮਮਤਾ ਰਾਣੀ | ਸੁਖਚੈਨ ਸਿੰਘ | 463/500 | ਪਹਿਲਾ |
| +1 ਐੱਚ | ਲਵੀਸ਼ਾ ਗੁਪਤਾ | ਸੰਜੀਵ ਕੁਮਾਰ | 434/500 | ਦੂਸਰਾ |
| +1 ਐੱਚ | ਗੁਰਪ੍ਰੀਤ ਕੌਰ | ਜਰਨੈਲ ਸਿੰਘ | 403/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਆਈ | ਤਨੀਸ਼ਾ ਦੁੱਗਲ | ਪਵਨ ਦੁੱਗਲ | 483/500 | ਪਹਿਲਾ |
| +1 ਆਈ | ਬੰਸ਼ਿਕਾ | ਹਰੀਸ਼ ਕੁਮਾਰ | 456/500 | ਦੂਸਰਾ |
| +1 ਆਈ | ਤਾਨੀਆ | ਰਾਜ ਕੁਮਾਰ | 452/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਜੇ | ਲਵਪ੍ਰੀਤ ਕੌਰ | ਕੇਸਰ ਸਿੰਘ | 450/500 | ਪਹਿਲਾ |
| +1 ਜੇ | ਪਾਲਕੀ ਸ਼ਰਮਾ | ਰਾਕੇਸ਼ ਕੁਮਾਰ ਸ਼ਰਮਾ | 446/500 | ਦੂਸਰਾ |
| +1 ਜੇ | ਨਵਦੀਪ ਕੌਰ | ਅਮਰਨਾਥ ਸਿੰਘ | 433/500 | ਤੀਸਰਾ |

## ਸਮੁੱਚਾ ਨਤੀਜ਼ਾ +1 (ਆਲ ਸਟ੍ਰੀਮ)

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +1 ਬੀ | ਸ਼ਰੂਤੀ ਜਿੰਦਲ | ਮਹੇਸ਼ ਜਿੰਦਲ | 489/500 | ਪਹਿਲਾ |
| +1 ਕੇ | ਪ੍ਰਨੀਤ ਕੌਰ | ਸਤਨਾਮ ਸਿੰਘ | 488/500 | ਦੂਸਰਾ |
| +1 ਡੀ | ਅਰਸ਼ਦੀਪ ਕੌਰ | ਸੰਦੀਪ ਕੁਮਾਰ | 483/500 | ਤੀਸਰਾ |
| +1 ਆਈ | ਤਨੀਸ਼ਾ ਦੁੱਗਲ | ਪਵਨ ਦੁੱਗਲ | 483/500 | ਤੀਸਰਾ |

## ਜਮਾਤ +2 (ਸਾਇੰਸ ਗਰੁੱਪ) 2023-24

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਮੈਡੀਕਲ +2 ਏ | ਪਰਨੀਤ ਕੌਰ | ਜਰਨੈਲ ਸਿੰਘ | 481/500 | ਪਹਿਲਾ |
| ਮੈਡੀਕਲ +2 ਏ | ਪਰਮਿੰਦਰ ਕੌਰ | ਹਰਵਿੰਦਰ ਸਿੰਘ | 471/500 | ਦੂਸਰਾ |
| ਮੈਡੀਕਲ +2 ਏ | ਦਿਵਜੋਤ ਕੌਰ | ਹਰਮੀਤ ਸਿੰਘ | 460/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਨਾਨ-ਮੈਡੀਕਲ +2 | ਜੋਬਨਪ੍ਰੀਤ ਕੌਰ | ਜਗਵਿੰਦਰ ਸਿੰਘ | 475/500 | ਪਹਿਲਾ |
| ਨਾਨ-ਮੈਡੀਕਲ +2 | ਲਵਪ੍ਰੀਤ ਕੌਰ | ਗੁਰਪ੍ਰੀਤ ਸਿੰਘ | 475/500 | ਪਹਿਲਾ |
| ਨਾਨ ਮੈਡੀਕਲ +2 | ਹਰਮਨਦੀਪ ਕੌਰ | ਦਲਜੀਤ ਸਿੰਘ | 474/500 | ਦੂਸਰਾ |
| ਨਾਨ ਮੈਡੀਕਲ +2 | ਰਮਨਦੀਪ ਕੌਰ | ਜਗਰੂਪ ਸਿੰਘ | 465/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਕਮਰਸ +2 ਬੀ | ਜਸਪ੍ਰੀਤ ਕੌਰ | ਗੁਰਮੀਤ ਸਿੰਘ | 489/500 | ਪਹਿਲਾ |
| ਕਮਰਸ +2 ਬੀ | ਗੁੰਜਨ | ਬਰਿੰਦਰ ਕੁਮਾਰ | 483/500 | ਦੂਸਰਾ |
| ਕਮਰਸ +2 ਬੀ | ਕੋਮਲਪ੍ਰੀਤ ਕੌਰ | ਦਵਿੰਦਰ ਸਿੰਘ | 477/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਕਮਰਸ +2 ਐੱਲ | ਕਾਜਲ ਰਾਣੀ | ਸੁਖਚੈਨ ਸਿੰਘ | 470/500 | ਪਹਿਲਾ |
| ਕਮਰਸ +2 ਐੱਲ | ਜਸ਼ਨਪ੍ਰੀਤ ਕੌਰ | ਜਗਤਾਰ ਸਿੰਘ | 455/500 | ਦੂਸਰਾ |
| ਕਮਰਸ +2 ਐੱਲ | ਜਸ਼ਨਪ੍ਰੀਤ ਕੌਰ | ਸੁਖਦੇਵ ਸਿੰਘ | 455/500 | ਦੂਸਰਾ |
| ਕਮਰਸ +2 ਐੱਲ | ਦਿਵਿਆ ਗਰਗ | ਰਾਜਿੰਦਰ ਕੁਮਾਰ | 453/500 | ਤੀਸਰਾ |
| ਕਮਰਸ +2 ਐੱਲ | ਮਨਜੋਤ ਕੌਰ | ਬਲਜੀਤ ਸਿੰਘ | 453/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਵੋਕੇਸ਼ਨਲ +2 ਸੀ | ਨਿਤੀਕਾ ਅਰੋੜਾ | ਵਿਜੈ ਅਰੋੜਾ | 481/500 | ਪਹਿਲਾ |
| ਵੋਕੇਸ਼ਨਲ +2 ਸੀ | ਮਨਪ੍ਰੀਤ ਕੌਰ | ਸੁਖਵਿੰਦਰ ਸਿੰਘ | 476/500 | ਦੂਸਰਾ |
| ਵੋਕੇਸ਼ਨਲ +2 ਸੀ | ਲੱਛਮੀ ਦੇਵੀ | ਜਸਵੀਰ ਸਿੰਘ | 474/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 ਡੀ | ਕਮਲੇਸ਼ ਕੁਮਾਰੀ | ਸਤਪਾਲ ਕੁਮਾਰ | 457/500 | ਪਹਿਲਾ |
| ਆਰਟਸ +2 ਡੀ | ਸਿਮਰਨ ਕੌਰ | ਤਲਵਿੰਦਰ ਸਿੰਘ | 454/500 | ਦੂਸਰਾ |
| ਆਰਟਸ +2 ਡੀ | ਦਵਿੰਦਰ ਕੌਰ | ਮਲਕੀਤ ਸਿੰਘ | 431/500 | ਤੀਸਰਾ |
| ਆਰਟਸ +2 ਡੀ | ਸਿਮਰਨ ਕੌਰ | ਸਰਦਾਰਾ ਸਿੰਘ | 431/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 ਈ | ਗੁਰਸੁਖਮਨਜੋਤ ਕੌਰ | ਸਰੂਪ ਸਿੰਘ | 464/500 | ਪਹਿਲਾ |
| ਆਰਟਸ +2 ਈ | ਨਵਦੀਪ ਕੌਰ | ਹਰਦੀਪ ਸਿੰਘ | 463/500 | ਦੂਸਰਾ |
| ਆਰਟਸ +2 ਈ | ਨਵਜੀਤ ਕੌਰ | ਜਗਜੀਤ ਸਿੰਘ | 450/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 ਐੱਫ਼ | ਰਿਪਨਦੀਪ ਕੌਰ | ਬਹਾਦਰ ਸਿੰਘ | 445/500 | ਪਹਿਲਾ |
| ਆਰਟਸ +2 ਐੱਫ਼ | ਅਰਚਨਾ ਰਾਣੀ | ਰਣਜੀਤ ਸਿੰਘ | 406/500 | ਦੂਸਰਾ |
| ਆਰਟਸ +2 ਐੱਫ਼ | ਦਲਵੀਰ ਕੌਰ | ਕੁਲਵਿੰਦਰ ਸਿੰਘ | 405/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 ਜੀ | ਹਰਮਨਦੀਪ ਕੌਰ | ਰਣਧੀਰ ਸਿੰਘ | 475/500 | ਪਹਿਲਾ |
| ਆਰਟਸ +2 ਜੀ | ਕਲਪਨਾ ਦੇਵੀ | ਰਾਮ ਗੋਪਾਲ | 473/500 | ਦੂਸਰਾ |
| ਆਰਟਸ +2 ਜੀ | ਗੁਨੀਕਾ ਸਿੰਗਲਾ | ਨਰੇਸ਼ ਕੁਮਾਰ | 449/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 ਐਚ | ਮਹਿਕਪ੍ਰੀਤ ਕੌਰ | ਸੁਖਚੈਨ ਸਿੰਘ | 443/500 | ਪਹਿਲਾ |
| ਆਰਟਸ +2 ਐਚ | ਮੁਖਜੀਤ ਕੌਰ | ਬਲਵਿੰਦਰ ਸਿੰਘ | 443/500 | ਪਹਿਲਾ |
| ਆਰਟਸ +2 ਐਚ | ਗਗਨਦੀਪ ਕੌਰ | ਜਸਵੀਰ ਸਿੰਘ | 429/500 | ਦੂਸਰਾ |
| ਆਰਟਸ +2 ਐਚ | ਤਨਪ੍ਰੀਤ ਕੌਰ | ਸੁਖਵਿੰਦਰ ਸਿੰਘ | 422/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 ਆਈ | ਹਰਮਨਦੀਪ ਕੌਰ | ਸੁਰਿੰਦਰ ਸਿੰਘ | 446/500 | ਪਹਿਲਾ |
| ਆਰਟਸ +2 ਆਈ | ਯੋਗਿਤਾ | ਪ੍ਰੀਤਮ ਯਾਦਵ | 445/500 | ਦੂਸਰਾ |
| ਆਰਟਸ +2 ਆਈ | ਹਰਮਨਪ੍ਰੀਤ ਕੌਰ | ਮਲਕੀਤ ਸਿੰਘ | 444/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 ਜੇ | ਸਿਮਰਨ ਕੌਰ | ਸੋਹਣ ਸਿੰਘ | 457/500 | ਪਹਿਲਾ |
| ਆਰਟਸ +2 ਜੇ | ਐਸ਼ਦੀਪ ਕੌਰ | ਹਰਜੀਤ ਕੌਰ | 437/500 | ਦੂਸਰਾ |
| ਆਰਟਸ +2 ਜੇ | ਪਰੀਤਾ | ਲਲਿਤ ਕੁਮਾਰ | 433/500 | ਤੀਸਰਾ |

## ਸਟ੍ਰੀਮ ਵਾਈਜ ਨਤੀਜ਼ਾ (+2)

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਸਾਇੰਸ +2 | ਪਰਨੀਤ ਕੌਰ | ਜਰਨੈਲ ਸਿੰਘ | 481/500 | ਪਹਿਲਾ |
| ਸਾਇੰਸ +2 | ਜੋਬਨਪ੍ਰੀਤ ਕੌਰ | ਜਗਵਿੰਦਰ ਸਿੰਘ | 475/500 | ਦੂਸਰਾ |
| ਸਾਇੰਸ +2 | ਲਵਪ੍ਰੀਤ ਕੌਰ | ਗੁਰਪ੍ਰੀਤ ਸਿੰਘ | 475/500 | ਦੂਸਰਾ |
| ਸਾਇੰਸ +2 | ਹਰਮਨਦੀਪ ਕੌਰ | ਦਲਜੀਤ ਸਿੰਘ | 474/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਕਮਰਸ +2 | ਜਸਪ੍ਰੀਤ ਕੌਰ | ਗੁਰਮੀਤ ਸਿੰਘ | 489/500 | ਪਹਿਲਾ |
| ਕਮਰਸ +2 | ਗੁੰਜਨ | ਬਰਿੰਦਰ ਕੁਮਾਰ ਜਿੰਦਲ | 483/500 | ਦੂਸਰਾ |
| ਕਮਰਸ +2 | ਕੋਮਲਪ੍ਰੀਤ ਕੌਰ | ਦਵਿੰਦਰ ਸਿੰਘ | 477/500 | ਤੀਸਰਾ |

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| ਆਰਟਸ +2 | ਹਰਮਨਦੀਪ ਕੌਰ | ਰਣਧੀਰ ਸਿੰਘ | 475/500 | ਪਹਿਲਾ |
| ਆਰਟਸ +2 | ਕਲਪਨਾ ਦੇਵੀ | ਰਾਮ ਗੋਪਾਲ | 473/500 | ਦੂਸਰਾ |
| ਆਰਟਸ +2 | ਗੁਰਸੁਖਮਨਜੋਤ ਕੌਰ | ਸਰੂਪ ਸਿੰਘ | 464/500 | ਤੀਸਰਾ |

## ਸਮੁੱਚਾ ਨਤੀਜ਼ਾ (ਆਲ ਸਟ੍ਰੀਮ)

| ਜਮਾਤ | ਵਿਦਿ: ਦਾ ਨਾਂ: | ਪਿਤਾ ਦਾ ਨਾਂ: | ਪ੍ਰਾਪਤ ਅੰਕ | ਸਥਾਨ |
|---|---|---|---|---|
| +2 ਬੀ | ਜਸਪ੍ਰੀਤ ਕੌਰ | ਗੁਰਮੀਤ ਸਿੰਘ | 489/500 | ਪਹਿਲਾ |
| +2 ਬੀ | ਗੁੰਜਨ | ਬਰਿੰਦਰ ਕੁ. ਜਿੰਦਲ | 483/500 | ਦੂਸਰਾ |
| +2 ਏ | ਪਰਨੀਤ ਕੌਰ | ਜਰਨੈਲ ਸਿੰਘ | 481/500 | ਤੀਸਰਾ |
| +2 ਸੀ | ਨਿਤੀਕਾ ਅਰੋੜਾ | ਵਿਜੈ ਅਰੋੜਾ | 481/500 | ਤੀਸਰਾ |

# ਪੰਜਾਬੀ ਵਿਭਾਗ

| ਸੰਪਾਦਕ | ਵਿਦਿਆਰਥੀ ਸੰਪਾਦਕ |
|---|---|
| **ਸੁਰਜੀਤ ਸਿੰਘ 'ਖਾਂਗ'** | **ਜਸਮੀਤ ਕੌਰ** |
| (ਰਾਜ ਪੁਰਸਕ੍ਰਿਤ) | 9ਵੀਂ (ਈ) |
| ਪੰਜਾਬੀ ਮਾਸਟਰ | |

ਮਾਂ ਬੋਲੀ ਦਾ ਸਾਕ ਸਾਡੇ ਨਾਲ਼ ਲੋਰੀਆਂ ਤੋਂ ਅਲਾਹੁਣੀਆਂ ਤੱਕ ਦਾ ਹੈ। ਇਸਦੇ ਮਿੱਠੇ ਅਤੇ ਸੁਰੀਲੇ ਬੋਲ ਜਿੱਥੇ ਸਾਡੀ ਜ਼ਿੰਦਗੀ ਵਿੱਚ ਰਸ ਘੋਲ਼ਦੇ ਹਨ ਉੱਥੇ ਹੀ ਪੰਜਾਬੀ ਗੀਤ-ਕਵਿਤਾ ਅੱਜ ਵਿਸ਼ਵ ਪੱਧਰ ਤੱਕ ਲੋਕ ਮਨਾਂ ਨੂੰ ਟੁੰਬ ਰਹੇ ਹਨ।

ਪੰਜਾਬੀ ਬੋਲੀ ਨਾਥ ਜੋਗੀਆਂ ਦੇ ਟਿੱਲਿਆਂ 'ਤੇ ਜੰਮੀ, ਨਾਨਕ ਦੇ ਵਿਹੜੇ ਪਲ਼ੀ ਅਤੇ ਵਾਰਿਸ, ਬੁੱਲ੍ਹੇ ਅਤੇ ਹੋਰ ਸੈਂਕੜੇ ਸਾਹਿਤਕਾਰਾਂ ਅਤੇ ਫ਼ਨਕਾਰਾਂ ਨੇ ਇਸਨੂੰ ਪਰਵਾਨ ਚੜ੍ਹਾ ਕੇ ਦੁਨੀਆਂ ਭਰ ਵਿੱਚ ਮਾਣ ਦਵਾਇਆ ਹੈ।

ਕਿੰਨੇ ਹੀ ਸ਼ਾਇਰਾਂ ਲਾਇਆ ਜੀਵਨ ਲੇਖੇ, ਤੇਰੀ ਸੇਵਾ ਖਾਤਰ।
ਸੁਖ਼ਨਵਰ ਸਦਾ ਰਹਿਣਗੇ ਜਿਉਂਦੇ ਤੇਰੇ ਸ਼ਿਵ, ਪਾਸ਼ ਤੇ ਪਾਤਰ।

ਪਰ ਦੁੱਖ ਇਸ ਗੱਲ ਦਾ ਹੈ ਕਿ ਕਈ ਤਾਕਤਾਂ ਪੰਜਾਬੀ ਨੂੰ ਢਾਹ ਲਾਉਣ ਦੀ ਕੋਸ਼ਸ਼ ਕਰ ਰਹੀਆਂ ਹਨ। ਅੱਜ ਹਥਿਆਰਾਂ, ਨਸ਼ੇ ਤੇ ਲੱਚਰਤਾ ਨੂੰ ਹਵਾ ਦੇਣ ਵਾਲ਼ੇ ਗਾਇਕ ਬਰਸਾਤੀ ਡੱਡੂਆਂ ਵਾਂਗ ਪੈਦਾ ਹੋ ਰਹੇ ਹਨ। ਜਿਹੜੇ ਕਾਫ਼ੀ ਹੱਦ ਤੱਕ ਨੌਜਵਾਨਾਂ ਨੂੰ ਆਪਣੀਆਂ ਕੁਢੰਗੀਆਂ ਚਾਲਾਂ ਪਿੱਛੇ ਲਾ ਕੇ ਸਾਡੀ ਮਾਂ ਬੋਲੀ ਦਾ ਚੀਰ-ਹਰਨ ਕਰਨ ਲੱਗੇ ਹੋਏ ਹਨ। ਇਹਨਾਂ ਤੋਂ ਸਾਨੂੰ ਆਪਣੀ ਮਾਤ ਭਾਸ਼ਾ ਦੀ ਇੱਜ਼ਤ-ਆਬਰੂ ਨੂੰ ਬਚਾਉਣ ਦੀ ਲੋੜ ਹੈ। ਉੱਥੇ ਹੀ ਸਾਨੂੰ ਮਾਣ ਹੈ ਗੁਰਦਾਸ ਮਾਨ ਅਤੇ ਸਤਿੰਦਰ ਸਰਤਾਜ ਵਰਗੇ ਫ਼ਨਕਾਰਾਂ ਉੱਤੇ ਜਿਹੜੇ ਅੱਜ ਉੱਚ-ਪਾਏ ਦੀ ਗੀਤਕਾਰੀ ਤੇ ਗਾਇਕੀ ਨਾਲ਼ ਮਾਂ ਬੋਲੀ ਦੇ ਵਿਹੜੇ ਨੂੰ ਸ਼ਿੰਗਾਰ ਰਹੇ ਹਨ।

ਸ਼ਾਇਰਾਂ ਤੇ ਫ਼ਨਕਾਰਾਂ ਵਡਿਆਇਆ ਜਿਸਨੂੰ, ਕੌਣ ਉਸਦਾ ਮਾਣ ਘਟਾ ਸਕਦਾ ਏ ?
ਪੰਜ ਦਰਿਆਵਾਂ ਦਾ ਜਿਸਨੇ ਅੰਮ੍ਰਿਤ ਪੀਤਾ, ਉਸ ਬੋਲੀ ਨੂੰ ਕੌਣ ਮਿਟਾ ਸਕਦਾ ਏ ?

ਪਿਆਰੇ ਵਿਦਿਆਰਥੀਓ! ਮਾਂ ਬੋਲੀ ਦਾ ਰਿਸ਼ਤਾ ਸਾਡੀ ਰੂਹ ਦੀਆਂ ਤੰਦਾਂ ਤੇ ਸਾਡੀ ਮਾਨਸਿਕਤਾ ਨਾਲ਼ ਜੁੜਿਆ ਹੋਇਆ ਹੈ। ਇਸਦਾ ਭਵਿੱਖ ਤੁਹਾਡੇ ਹਵਾਲੇ ਹੈ। ਉਮੀਦ ਹੈ ਤੁਸੀ ਆਪਣੀ ਇਸ ਮਾਂ ਦੇ ਦੋਖੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਨਕਾਰੋਂਗੇ ਅਤੇ ਇਸਦੀ ਸੇਵਾ ਸੰਭਾਲ਼ ਲਈ ਯਤਨ ਕਰੋਗੇ।

ਰਸਾਲੇ 'ਸੋਚ ਉਡਾਰੀ' ਲਈ ਤੁਹਾਡੇ ਵਿੱਚੋਂ ਬਹੁਤ ਸਾਰੇ ਬੱਚਿਆਂ ਨੇ ਬਹੁਤ ਵਧੀਆ ਰਚਨਾਵਾਂ ਦਿੱਤੀਆਂ ਹਨ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਵਿਦਿਆਰਥੀਆਂ ਵਿੱਚ ਜਿੱਥੇ ਉਤਸ਼ਾਹ ਵੱਧ ਰਿਹਾ ਹੈ, ਉਥੇ ਹੀ ਹਰ ਸਾਲ ਤੁਹਾਡੀਆਂ ਲਿਖਤਾਂ ਵਿੱਚ ਮੌਲਿਕਤਾ ਅਤੇ ਗੁਣਵੱਤਾ ਵਿੱਚ ਵੀ ਚੰਗਾ ਸੁਧਾਰ ਹੋ ਰਿਹਾ ਹੈ। ਯਕੀਨਨ ਤੁਹਾਡੇ ਵਿੱਚੋਂ ਭਵਿੱਖ ਦੀਆਂ ਕਵਿੱਤਰੀਆਂ, ਵਿਦਵਾਨ ਅਤੇ ਹੋਰ ਸਾਹਿਤਕਾਰ ਬਣਨਗੀਆਂ ਜੋ ਸਾਡੇ ਮੁਲਕ ਅਤੇ ਮਾਤ ਭਾਸ਼ਾ ਦੀ ਸੇਵਾ ਕਰਨਗੀਆਂ।

**ਸੁਰਜੀਤ ਸਿੰਘ 'ਖਾਂਗ'**
**ਸੰਪਾਦਕ ਪੰਜਾਬੀ ਵਿਭਾਗ**

# ਕੁਦਰਤ ਦੇ ਨਜ਼ਾਰੇ

ਸੁਭਾਹ-ਸਵੇਰੇ ਮੈਂ ਸੈਰ ਨੂੰ ਤੁਰਿਆ।
ਖੇਤਾਂ ਵੱਲ ਨੂੰ ਪਾ ਲਿਆ ਮੋੜਾ
ਰਾਹ ਕੱਚੇ ਦਾ ਮੋੜ ਸੀ ਮੁੜਿਆ।
ਕੁਦਰਤ ਵਾਲ਼ੀ ਮੌਜ਼ ਮਿਲੇ ਨੂੰ
ਨਾ ਬੜੇ ਦਿਨਾਂ ਤੋਂ ਸਮਾਂ ਸੀ ਜੁੜਿਆ।
ਕੁਝ ਪਲ ਚਲੋ ਅਨੰਦ ਮਾਣੀਏ
ਮਨ ਦੇ ਵਿੱਚ ਸੀ ਫੁਰਨਾ ਫੁਰਿਆ।
ਹਰੀਆਂ ਕਣਕਾਂ ਤੱਕੀਆਂ ਤੇ ਸਰ੍ਹੋਂ ਦੇ ਫੁੱਲ।
ਖੇਤਾਂ ਵਿੱਚ ਮੈਂ ਮਸਤ ਹੋ ਗਿਆ
ਸ਼ਹਿਰ ਗਿਆ ਸੀ ਭੁੱਲ।
ਬੜੇ ਹੀ ਇੱਥੇ ਰੁੱਖ ਖੜ੍ਹੇ ਸੀ।
ਰੁੱਖਾਂ ਉੱਤੇ ਮਸਤੀ ਕਰਦੇ
ਪੰਛੀ ਗਾਉਂਦੇ ਗੀਤ ਬੜੇ ਸੀ।
ਠੰਢੀ ਹਵਾ ਸੀ ਮਨ ਨੂੰ ਟੁੰਬਦੀ।
ਨਹਿਰ ਦੇ ਉੱਪਰੋਂ ਸੂਰਜ ਚੜ੍ਹਿਆ
ਲਾਲੀ ਸੀ ਜਿਵੇਂ ਮੁੱਖ ਨੂੰ ਚੁੰਮਦੀ।
ਕਿਆਂਕੂ-ਕਿਆਂਕੂ ਮੋਰ ਕੂਕਿਆ।
ਰੂਹ ਮੇਰੀ ਸਰਸਾਰ ਹੋ ਗਈ
ਮਸਤੀ ਵਿੱਚ ਸੀ ਦਿਲ ਸ਼ੂਕਿਆ।
ਤੁਰਦਾ-ਤੁਰਦਾ ਸੋਚ ਰਿਹਾ ਸੀ।
ਕੁਦਰਤ ਤੋਂ ਵੱਧ ਸੋਹਣਾ ਕੀ ਏ?
ਸੁਹੱਪਣ ਮਨ ਵਿੱਚ ਬੋਚ ਰਿਹਾ ਸੀ।
ਨਦੀਆਂ-ਨਹਿਰਾਂ ਨੀਰ ਪਏ ਲਰਜ਼ਣ।
ਬਰਫ਼ਾਂ ਗਿਰਨ ਅਸਮਾਨਾਂ ਉੱਤੋਂ
ਕਿੰਵ ਮੀਂਹਾਂ ਦੇ ਵਿੱਚ ਬੱਦਲ਼ ਗਰਜਣ।
ਧੁੱਪਾਂ-ਛਾਵਾਂ, ਹਵਾ ਦੇ ਬੁੱਲੇ, ਝੱਖੜ ਸਾਰੇ।
ਗਰਮੀ-ਸਰਦੀ ਰੁੱਤਾਂ ਬਦਲਣ
ਕੁਦਰਤ ਦੇ ਨੇ ਅਜ਼ਬ ਨਜ਼ਾਰੇ।
ਖੁਸ਼ੀਆਂ ਨਾਲ਼ ਸਦਾ ਰੁੱਖ ਝੂਮਣ ਖੜ੍ਹ ਕੇ।
ਮੈਨੂੰ ਤੈਨੂੰ ਪਾਲ਼ਨ ਸਭ ਨੂੰ
ਹੈ ਜੀਵ-ਜਗਤ ਸਭ ਇਨ੍ਹਾਂ ਕਰ ਕੇ।
ਕੁਦਰਤ ਨੇ ਕੀ ਨਿਆਮਤਾਂ
ਸਾਡੇ ਲਈ ਘੜੀਆਂ।
ਕੁਦਰਤ ਦੇ ਸੰਗ ਦੋਸਤੋ
ਨੇ ਮੌਜਾਂ ਬੜੀਆਂ।
ਮੁਫ਼ਤ ਬਹਾਰਾਂ ਮਾਣ ਕੇ,
ਲਾ ਲਈਆਂ ਲੇਖੇ
ਮੈਂ ਅੱਜ ਦੀਆਂ ਘੜੀਆਂ।
ਹਾਏ! ਪਰ ਮਨੁੱਖ ਤਾਂ ਅੱਜ
ਮੁੱਖ ਕੁਦਰਤ ਕੋਲ਼ੋਂ ਮੋੜ ਰਿਹਾ ਏ।
ਦੋਜ਼ਖ ਫਿਰਦਾ ਝਾਗਦਾ
ਨਾਤਾ ਜ਼ੰਨਤ ਨਾਲ਼ੋਂ ਤੋੜ ਰਿਹਾ ਏ।



**ਸੁਰਜੀਤ ਸਿੰਘ**
**ਪੰਜਾਬੀ ਮਾਸਟਰ**

## ਸੁਖਵਿੰਦਰ ਸਿੰਘ ਜੀ

ਲੱਭਣੀ 'ਨੀ ਏਸ ਅਧਿਆਪਕ ਦੀ ਮਿਸਾਲ ਜੀ, ਸੁਖਵਿੰਦਰ ਸਿੰਘ ਯੋਧੇ ਦਾ ਸੁਣਾਵਾਂ ਹਾਲ ਜੀ।

ਆਚਰਨ ਦਾ ਉੱਚਾ ਅਤੇ ਸੁੱਚਾ ਹੈ ਜ਼ੁਬਾਨ ਦਾ। ਕਿਧਰੇ ਮੁਕਾਬਲਾ ਨਾ ਇਹਦੀ



20 ਸਾਲਾਂ ਦੀ ਲੰਮੀ ਸੇਵਾ ਦੇ ਕੇ
ਇਸ ਮਾਣਮੱਤੇ ਸਕੂਲ ਦਾ ਮਾਣ
ਸਿਖ਼ਰਾਂ 'ਤੇ ਪਹੁੰਚਾਣ ਲਈ
ਪੂਰਾ ਟਿੱਲ ਲਾਇਆ ਜਿਸਨੇ।
ਸੱਚੀ-ਸੁਚੀ ਨੀਅਤ, ਹਰਪਲ ਤਤਪਰ
ਨਾ ਛਲ-ਕਪਟ ਨਾ ਦਿਖਾਵਾ
ਸਭ ਸੰਭਵ ਕਰ ਦਿਖਾਇਆ ਜਿਸਨੇ।
ਹਜ਼ਾਰਾਂ ਹੀ ਬੱਚਿਆਂ ਨੂੰ ਵੰਡਿਆ
ਗਿਆਨ ਦਾ ਚਾਨਣ
ਦ੍ਰਿੜ ਕਰਾ ਕੇ ਚੰਗੀਆਂ ਗੱਲਾਂ
ਭਟਕਿਆਂ ਦਾ ਰਾਹ ਰੁਸ਼ਨਾਇਆ ਜਿਸਨੇ।
ਧੀਆਂ ਚਹਿਕੀਆਂ, ਟਹਿਕੀਆਂ
ਇਨ੍ਹਾਂ ਦੇ ਸਾਏ ਹੇਠਾਂ
ਕਲਾ ਦੀ ਦਿੱਤੀ ਖ਼ੂਬ ਵਿੱਦਿਆ
ਬਾਬਲ ਵਾਂਗੂ ਪਿਆਰ ਦੇ ਕੇ
ਵਿੱਦਿਆਰਥਣਾਂ ਨੂੰ ਪੜ੍ਹਾਇਆ ਜਿਸਨੇ।
ਬੱਚਿਆਂ ਦਾ ਸਦਾ ਸੋਚਿਆ ਭਲਾ
ਸਕੂਲ ਲਈ ਦਿਨ ਰਾਤ ਇੱਕ ਕੀਤਾ
ਸਿੱਖਿਆ ਜਗਤ ਦਾ ਚਾਨਣ ਮੁਨਾਰਾ ਬਣਿਆ
ਅਧਿਆਪਕ ਵਰਗ ਦਾ ਮਾਣ ਵਧਾਇਆ ਜਿਸਨੇ।
ਸਭ ਦੇ ਮਨ 'ਚ ਵੱਸਣ ਵਾਲ਼ਾ
ਮਸਲਿਆਂ ਨੂੰ ਸੁਲਝਾਉਂਦਾ ਫਿਰਦਾ
ਦੁਖ ਦਰਦ ਹਟਾ ਕੇ
ਸਭਨਾਂ ਨੂੰ ਹਸਾਇਆਂ ਜਿਸਨੇ।
ਖਿੜੇ ਫੁੱਲ ਜਿਹੇ ਚਿਹਰੇ ਵਾਲ਼ਾ।
ਦ੍ਰਿੜਤਾ ਸਿਰੜਤਾ ਦਾ ਮੁਜੱਸਮਾ
ਰੌਣਕਾਂ ਬਹਾਰਾਂ ਤੇ ਖੇੜੇ ਵਾਲ਼ਾ।
ਜਿਸਦੇ ਹਾਸੇ ਨਾਲ਼ ਹੀ
ਹੱਲ ਮੁਸ਼ਕਲ ਹੋ ਜਾਂਦੀ ਹੈ।
ਨੇਕ ਸ਼ਖ਼ਸੀਅਤ, ਸੋਚ ਲਾਸਾਨੀ
ਨਿਤਾਣਿਆਂ ਲਈ ਹਿੱਕ
ਤਾਣ ਖੜ੍ਹਦਾ
ਸੱਚ ਦਾ ਸਾਥੀ ਸੰਘਰਸ਼
ਦਾ ਪਾਂਧੀ ਹੈ।
ਪਿਤਾ ਕਾਮਰੇਡ ਨੱਛਤਰ ਸਿੰਘ ਤੇ
ਮਾਤਾ ਅਮਰ ਕੌਰ ਦੇ
ਘਰ ਦਾ ਚੰਨ ਚਿਰਾਗ।
ਉਹ ਹੈ- ਮਾਸਟਰ ਸੁਖਵਿੰਦਰ
ਸਿੰਘ
ਇੱਕ ਸੱਚਾ ਅਧਿਆਪਕ
ਗੁਰਦਿੱਤਪੁਰਾ ਦੀ ਧਰਤੀ ਨੂੰ
ਲਾਇਆ ਸੀ ਭਾਗ।
ਸਾਨੂੰ ਜੋ ਮਿਲਿਆ ਇਨ੍ਹਾਂ ਦੇ
ਸਾਥ ਦਾ ਨਿੱਘ
ਇਹ ਹੈ ਸਾਡਾ ਸੁਭਾਗ।

**ਸੁਰਜੀਤ ਸਿੰਘ 'ਖਾਂਗ'**
**ਪੰਜਾਬੀ ਮਾਸਟਰ**

## ਆ ਧੀਏ

ਆ ਧੀਏ ਤੈਨੂੰ ਗੱਲ ਸੁਣਾਵਾਂ
ਘੁੱਟ ਕੇ ਇੱਕ ਗਲਵੱਕੜੀ ਪਾਵਾਂ
ਆ ਬਹਿ ਜਾ ਪਲ ਦੋ ਕੋਲ਼ ਮੇਰੇ
ਦੁਨੀਆਂ ਦਾ ਤੈਨੂੰ ਪਾਠ ਪੜ੍ਹਾਵਾਂ।
ਜੋ ਤੂੰ ਚਾਹਵੇਂ ਉਹ ਤੂੰ ਪਾਵੀਂ,
ਜੋ ਤੂੰ ਚਾਹਵੇਂ ਉਹ ਤੂੰ ਖਾਵੀਂ।
ਪਰ ਇੱਕ ਗੱਲ ਮੇਰੀ ਯਾਦ ਤੂੰ ਰੱਖੀਂ,
ਬਾਬਲ ਦੀ ਪੱਗ ਨੂੰ ਦਾਗ਼ ਨਾ ਲਾਵੀਂ।
ਮੇਰਾ ਅਭਿਮਾਨ ਤੂੰ ਹੈ।
ਮੇਰਾ ਸਵਾਭਿਮਾਨ ਤੂੰ ਹੈ।
ਤੇਰਾ ਮੈਂ ਕੰਨਿਆ-ਦਾਨ ਕਰਾਂ
ਨਾ ਕੋਈ ਸਮਾਨ ਤੂੰ ਹੈ।
ਦੁਨੀਆਂ ਦੇ ਰਾਹ ਬੜੇ ਹੀ ਔਖੇ,
ਪੈਰ-ਪੈਰ 'ਤੇ ਮਿਲ਼ਦੇ ਧੋਖੇ।
ਕਿਸੇ 'ਤੇ ਐਵੇਂ ਵਿਸ਼ਵਾਸ ਕਰੀਂ ਨਾ,
ਸੱਚੇ ਲੋਕ ਨਾ ਮਿਲਦੇ ਸੌਖੇ।
ਮੰਦਾ ਬੋਲ ਕਦੇ ਨਾ ਮੂੰਹੋਂ ਬੋਲੀਂ,
ਹਰ ਇੱਕ ਨਾਲ਼ ਨਾ ਭੇਦ ਤੂੰ ਖੋਲ੍ਹੀਂ।
ਰਾਹ ਵਿੱਚ ਤੇਰੇ ਆਉਣਗੇ ਰੋੜੇ,
ਕਹੇ 'ਹਰਜੀਤ' ਧੀਏ ਤੂੰ ਜ਼ਰਾ ਨਾ ਡੋਲੀਂ।

**ਹਰਜੀਤ ਕੌਰ**
**ਲੈਕ: ਪੰਜਾਬੀ**



## ਜ਼ੰਨਤ

ਓਹਦੀ ਪਿਆਰੀ ਬੋਲੀ,
ਜੀ ਮੇਰੇ ਦਿਲ ਨੂੰ ਚੁੰਮੇਂ
ਜਦ ਪੁਕਾਰਦੀ ਏ ਮੇਰਾ ਨਾਂ,
ਦੁਨੀਆਂ ਜ਼ੰਨਤ ਲੱਭਦੀ ਫਿਰਦੀ,
ਮੇਰੀ ਤਾਂ ਜ਼ੰਨਤ ਮੇਰੀ ਮਾਂ।
ਜੋ ਦੁਨੀਆਂ ਦੇ ਹਰ ਦੁੱਖ ਨੂੰ ਝੱਲੇ
ਤਾਂ ਜੋ ਲੱਗੇ ਨਾ ਮੈਨੂੰ ਤੱਤੀ ਵਾਹ
ਸੁਣ ਲੈਂਦੀ ਜੱਗ ਬੋਲੀ ਮੇਰੇ ਖ਼ਾਤਰ
ਪਰ ਕਰਦੀ ਨਾ ਬਿਲਕੁਲ ਪਰਵਾਹ
ਇਸ ਮਗਰੂਰ ਜਹਾਨ ਵਿੱਚ ਮਤਲਬ ਦੇ ਲੋਕ
ਹਰ ਇੱਕ ਨਾ ਮੇਰਾ ਆਪਣਾ
ਪਰ ਤੇਰੇ ਵਿੱਚ ਹੀ ਮੈਨੂੰ ਜਾਪੇ
ਮੇਰਾ ਆਪਣਾਪਣ ਮਾਂ
ਮੈਂ ਚਾਹੇ ਕਿੰਨੀ ਹੀ ਵੱਡੀ ਹੋ ਜਾਵਾਂ
ਤੇਰੇ ਲਈ ਨਿੱਕੀ ਜਿਹੀ ਹਾਂ।
ਤੇਰਾ ਗੁਲ-ਰੂ ਜਾਪੇ ਮੈਨੂੰ
ਫੁੱਲ ਤੋਂ ਵੀ ਸੋਹਣਾ
ਜਾਪੇ ਮੈਨੂੰ ਬੜਾ ਹੀ ਮਨਮੋਹਣਾ
ਨੀ ਦੱਸ ਮੁੱਲ ਚੁਕਾਵਾਂ ਕਿਵੇਂ ਤੇਰਾ?
ਤੇਰੇ ਲਈ ਤਾਂ ਮੈਂ ਸਭ ਕੁਝ ਕਰ ਜਾਵਾਂ
ਨੀ ਤੇਰੀ ਮਿੱਠੜੀ ਬੋਲੀ
ਹਾਏ! ਮੇਰੇ ਦਿਲ ਨੂੰ ਚੁੰਮੇ
ਜਦ ਪੁਕਾਰਦੀ ਏਂ ਮੇਰਾ ਨਾਂ
ਦੁਨੀਆਂ ਜ਼ੰਨਤ ਲੱਭਦੀ ਫਿਰਦੀ
ਮੇਰੀ ਤਾਂ ਜ਼ੰਨਤ ਮੇਰੀ ਮਾਂ।

**ਜਸਮੀਤ ਕੌਰ**
**ਨੌਵੀਂ ਈ**

## ਮਿੱਟੀ

ਮਿੱਟੀ ਦੀ ਕੀ ਗੱਲ ਸੁਣਾਵਾਂ
ਮਿੱਟੀ ਤਾਂ ਸਾਡੀ ਮਾਂ ਹੈ
ਮਿੱਟੀ ਆਨ ਹੈ ਮਿੱਟੀ ਸ਼ਾਨ ਹੈ
ਮਿੱਟੀ ਹੀ ਮੇਰਾ ਇਮਾਨ ਹੈ
ਮਿੱਟੀ ਵਿੱਚ ਜੰਮਿਆ ਹੈ ਜੱਗ ਸਾਰਾ
ਜੰਮਿਆਂ ਹਰ ਇਨਸਾਨ ਹੈ
ਮਿੱਟੀ ਵਿੱਚ ਖਿੜੇ ਗੁਲਜ਼ਾਰ ਚਿਹਰੇ
ਖਿੜਿਆ ਇੱਕ ਬਾਗਾਨ ਹੈ
ਇਸ ਬਾਗ਼ ਦਾ ਹਰ ਇੱਕ ਫੁੱਲ
ਚਾਰੇ ਪਾਸੇ ਵੰਡਦਾ ਹੈ ਹੁੱਲ
ਵੰਡਦਾ ਇੱਕ ਪਹਿਚਾਣ ਹੈ
ਮੈਂ ਜੰਮੀ ਹਾਂ ਪਲ਼ੀ ਹਾਂ
ਪੰਜਾਬ ਦੀ ਮਿੱਟੀ ਦੇ ਅੰਦਰ
ਇਸ ਗੱਲ 'ਤੇ ਮੈਨੂੰ ਗੁਮਾਨ ਹੈ
ਪੰਜ ਦਰਿਆਵਾਂ ਦੀ ਇਹ ਮਿੱਟੀ
ਦੇਸ ਮੇਰੇ ਦੀ ਹੈ ਪਟਰਾਣੀ
ਹੂਰ-ਪਰੀ ਇਹ ਗੋਰੀ ਚਿੱਟੀ
ਹਾਏ! ਪਰ ਇਸ ਮਿੱਟੀ 'ਤੇ
ਛੇਵਾਂ ਕਾਲ਼ਾਂ ਦਰਿਆ ਹੈ ਵੱਗਿਆ।
ਹੜ੍ਹ ਗਈ ਵਿੱਚ ਜਵਾਨੀ ਇਸਦੇ
ਨਸ਼ਿਆਂ ਵਿੱਚ ਪੰਜਾਬ ਹੈ ਫਸਿਆ।
ਹਾਏ! ਉੱਜੜ ਗਈਆਂ ਨੇ ਫਸਲਾਂ,
ਨਸਲਾਂ ਬੰਜਰ ਹੋ ਗਈ ਮਿੱਟੀ।
ਇਹ ਮਿੱਟੀ ਤਾਂ ਆਖਰ ਮਾਂ ਹੈ ਸਾਡੀ
ਆਓ! ਮੁੜ ਉਪਜਾਊ ਕਰੀਏ।
ਨਸ਼ਿਆਂ ਦੇ ਦਰਿਆ ਨੂੰ ਠੱਲ੍ਹੀਏ
ਡੁੱਬਿਆਂ ਦੀ ਬਾਂਹ ਫੜੀਏ।
ਵੱਗਣ ਫਿਰ ਤੋਂ ਅੰਮ੍ਰਿਤ ਪਾਣੀ
ਛਲਕਣ ਖੁਸ਼ੀਆਂ ਖੇੜੇ।
ਮਿੱਟੀ ਫਿਰ ਤੋਂ ਰੰਗ ਨਿਖਾਰੇ
ਮੁੱਕ ਜਾਵਣ ਫੇਰ ਬਖੇੜੇ।

## ਓਹ ਸੋਹਣਾ ਸਵਰਗ

ਵੇ ਆਜੋ ਚੱਕੋ ਬਸਤਾ ਗਿਆਨ ਮੱਲੀਏ
ਆਜੋ ਸੋਹਣੇ ਸੱਜਣੋ ਸਕੂਲ ਚੱਲੀਏ।
ਜਿੱਥੇ ਹਰ ਇੱਕ ਅਧਿਆਪਕ ਪਿਆਰਾ ਏ
ਗਿਆਨ ਦਾ ਭਰਿਆ ਪਿਟਾਰਾ ਏ।
ਇਹ ਵਿੱਦਿਆ ਦਾ ਮੰਦਰ ਨਿਆਰਾ ਏ
ਕਿ ਸਵਰਗਾਂ ਤੋਂ ਵੱਧ ਨਜ਼ਾਰਾ ਏ।
ਜਿੱਥੇ ਰੋਵਣਾ ਪਹਿਲੇ ਤੇ ਅਖੀਰਲੇ ਦਿਨ।
ਬੜੇ ਯਾਦ ਆਉਂਦੇ ਮਸਤਾਨੇ ਦਿਨ
ਜਿੱਥੇ ਹੱਸਣਾ, ਖੇਡਣਾ, ਪਲ਼ਨਾ ਨੀ
ਰੋਜ਼ ਵਿੱਚ ਸਕੂਲੇ ਵੜਨਾ ਨੀ
ਕਰਨ ਲਈ ਆਪਣੀਆਂ ਮੁਰਾਦਾਂ ਪੂਰੀਆਂ,
ਹਾਂ, ਉੱਥੇ ਲਾ ਕੇ ਚਿੱਤ ਫਿਰ ਪੜ੍ਹਨਾ ਨੀ
ਬੜੇ ਯਾਦ ਆਉਂਦੇ ਉਹ ਸਕੂਲ ਦੇ ਦਿਨ
ਨਾਂ ਰਹਿ ਹੁੰਦਾਂ ਹੁਣ ਮਿੱਤਰਾਂ ਬਿਨ
ਜਿੱਥੇ ਰੋਵਣਾ ਪਹਿਲੇ ਤੇ ਅਖੀਰਲੇ ਦਿਨ
ਹਾਏ! ਬੜੇ ਯਾਦ ਆਉਂਦੇ ਮਸਤਾਨੇ ਦਿਨ
ਜੀ! ਬੜੇ ਯਾਦ ਆਉਂਦੇ ਮਸਤਾਨੇ ਦਿਨ...

**ਜਸਮੀਤ ਕੌਰ**
**ਨੌਵੀਂ ਈ**

## ਹੌਂਸਲੇ ਦੀ ਉਡਾਣ

ਹੁੰਦੀ ਨਹੀਂ ਇਕੱਲਿਆਂ ਖੰਭਾਂ ਦੇ ਵਿੱਚ ਜਾਨ।
ਹਿੰਮਤ ਤੇ ਹੌਂਸਲਾ ਹੀ ਭਰਦੇ ਨੇ ਉਡਾਣ।
ਚਮਕਦੇ ਉਹੀ ਵਾਂਗ ਚੰਨ ਤੇ ਸਿਤਾਰੇ।
ਜਿਹੜੇ ਰਾਤਾਂ ਰੁਸ਼ਨਾਉਂਦੇ ਬਣ ਚਾਨਣ ਮੁਨਾਰੇ।
ਉਹੀ ਭੀੜ ਵਿੱਚ ਬਣਾਉਂਦੇ ਪਹਿਚਾਣ।
ਜਿੰਨ੍ਹਾਂ ਦੇ ਉੱਚੇ ਸੁਪਨੇ ਅਤੇ ਵੱਡੇ ਅਰਮਾਨ।
ਹਿੰਮਤ ਅਤੇ ਹੌਂਸਲਾ ਹੀ ਭਰਦੇ ਨੇ ਉਡਾਣ।
ਕੋਸ਼ਸ਼ਾਂ ਦੇ ਖੰਭ ਰਹਿਣ ਭਰਦੇ ਉਡਾਰੀ।
ਮਿਹਨਤਾਂ ਦੇ ਨਾਲ਼ ਜਾਂਦੀ ਕਿਸਮਤ ਸੰਵਾਰੀ।
ਉਹੀ ਬਾਜ ਵਾਂਗੂੰ ਉੱਡਦੇ ਵਿੱਚ ਅਸਮਾਨ।
ਜਿਹਨਾਂ ਦੇ ਇਰਾਦਿਆਂ ਵਿੱਚ ਹੁੰਦੀ ਜਾਨ।
ਹਿੰਮਤ ਤੇ ਹੌਂਸਲਾ ਹੀ ਭਰਦੇ ਨੇ ਉਡਾਣ।
ਵੱਗਦੇ ਨੇ ਜਿਹੜੇ ਵਾਂਗ ਦਰਿਆਵਾਂ।
ਵੇਖਦੇ ਕਦੇ ਨਾ ਉਹ ਧੁੱਪਾਂ ਅਤੇ ਛਾਵਾਂ।
ਰੁਕਦੇ ਨਾ ਜਿਹੜੇ ਕਦੇ ਦੇਖ ਕੇ ਤੂਫ਼ਾਨ।
ਉਹਨਾਂ ਦੇ ਹਿੱਸੇ ਆਉਣ ਸਦਾ ਜਿੱਤ ਦੇ ਨਿਸ਼ਾਨ।
ਹਿੰਮਤ ਤੇ ਹੌਂਸਲਾ ਹੀ ਭਰਦੇ ਨੇ ਉਡਾਣ।



**ਨਿਰਭੈ ਸਿੰਘ ਰਾਏ**
**ਸ.ਸ. ਮਾਸਟਰ**

## ਮੇਰਾ ਸੁਪਨਾ

ਮੇਰਾ ਸੁਪਨਾ ਹੈ ਇੱਕ ਡਾਕਟਰ ਬਣਨਾ
ਇੱਕ ਚੰਗਾ ਡਾਕਟਰ ਬਣਨਾ
ਚੰਗਾ ਡਾਕਟਰ,
ਜੋ ਮਰੀਜ਼ਾਂ ਦੀ ਜੇਬ 'ਤੇ ਮਾਰੇ ਨਾ ਡਾਕਾ
ਥੁੜਿਆਂ ਟੁੱਟੀਆਂ ਦਾ ਜੋ ਬਣੇ ਸਹਾਰਾ
ਜੋ ਮੁਫ਼ਤ ਇਲਾਜ ਕਰੇ ਉਨ੍ਹਾਂ ਦਾ
ਜਿਹੜੇ ਕਰਦੇ ਮੁਸ਼ਕਲ ਨਾਲ਼ ਗੁਜ਼ਾਰਾ।
ਡਾਕਟਰ ਕਹਿੰਦੇ ਦੂਜਾ ਰੱਬ ਹੁੰਦਾ ਏ।
ਪਰ ਰੱਬ ਤਾਂ ਕੀ,
ਇਨਸਾਨ ਕਹਾਉਣ ਦਾ ਹੱਕ ਨਹੀਂ ਰੱਖਦੇ
ਅੱਜ ਦੇ ਬਹੁਤੇ ਡਾਕਟਰ
ਕਰਦੇ ਖਿਲਵਾੜ ਦੇਖੇ ਉਹ
ਲੋਕਾਂ ਦੇ ਜੀਵਨ ਨਾਲ਼ ਵੀ
ਪਰ ਨਹੀਂ, ਕਦਾਚਿਤ ਮੈਂ ਨਹੀਂ ਬਣਨਾ
ਅਜਿਹਾ ਡਾਕਟਰ।
ਮੈਂ ਤਾਂ ਬਣਨਾ ਇੱਕ ਚੰਗਾ ਡਾਕਟਰ
ਤੇ ਉਸ ਤੋਂ ਪਹਿਲਾਂ ਬਣਨਾ
ਇੱਕ ਚੰਗਾ ਇਨਸਾਨ।



**ਖ਼ੁਸ਼ੀ**
**ਗਿਆਰਵੀਂ ਏ (ਮੈਡੀਕਲ)**

## ਪ੍ਰਿੰ: ਰੋਮਿਲ ਮਹਿਤਾ ਜੀ ਨੂੰ ਸਮਰਪਿਤ



ਸਭਨਾਂ ਦੇ ਉਹ ਹਰਮਨ-ਪਿਆਰੇ,
ਸਤਿਕਾਰ ਉਹਨਾਂ ਦਾ ਕਰਦੇ ਸਾਰੇ,
ਕੰਮ ਉਹਨਾਂ ਦੇ ਬੜੇ ਨਿਆਰੇ,
ਤਾਂ ਹੀ ਵੱਖਰੀ ਸ਼ਾਨ ਉਹਨਾਂ ਦੀ,
ਮਿਹਨਤ ਹੈ ਪਹਿਚਾਣ ਉਹਨਾਂ ਦੀ।
ਕੈਮਿਸਟਰੀ ਉਹ ਵਿਸ਼ਾ ਪੜ੍ਹਾਉਂਦੇ,
ਸਭ ਨੂੰ ਚੰਗੇ ਗੁਣ ਸਿਖਾਉਂਦੇ,
ਕਦੇ ਕਿਸੇ ਦਾ ਦਿਲ ਨਾ ਢਾਹੁੰਦੇ,
ਮਿੱਠੀ ਬੜੀ ਜ਼ੁਬਾਨ ਉਹਨਾਂ ਦੀ,
ਮਿਹਨਤ ਹੈ ਪਹਿਚਾਣ ਉਹਨਾਂ ਦੀ।
ਜੋ ਕਹਿੰਦੇ ਨੇ ਸੋਈ ਕਰਦੇ,
ਕਦੇ ਕਿਸੇ ਤੋਂ ਨਹੀਓ ਡਰਦੇ,
ਮਾੜੀ ਗੱਲ ਕਦੇ ਨਾ ਜ਼ਰਦੇ,
ਇਰਾਦਾ ਪੱਕਾ ਠਾਣ ਉਹਨਾਂ ਦੀ,
ਮਿਹਨਤ ਹੈ ਪਹਿਚਾਣ ਉਹਨਾਂ ਦੀ।
ਚੱਲਦੇ ਨਾਲ਼ ਨੇ ਵਕਤ ਦੇ ਉਹ,
ਇੰਝ ਲੱਗਦਾ ਰੱਬ ਦੇ ਭਗਤ ਨੇ ਉਹ,
ਕਦੇ ਲੱਗਦਾ ਥੋੜਾ ਸਖ਼ਤ ਨੇ ਉਹ,
ਅਨੁਸ਼ਾਸ਼ਨ ਵਿੱਚ ਹੈ ਜਾਨ ਉਹਨਾਂ ਦੀ,
ਮਿਹਨਤ ਹੈ ਪਹਿਚਾਣ ਉਹਨਾਂ ਦੀ।
ਸਾਡੇ ਲਈ ਅਨਮੋਲ ਨੇ ਗਹਿਣਾ,
ਮੈਂ ਤਾਂ ਬੱਸ ਐਨਾ ਹੀ ਕਹਿਣਾ
ਅਸੀਂ ਤਾਂ ਸਬਕ ਉਹਨਾਂ ਤੋਂ ਲੈਣਾ,
ਹਰ ਇੱਕ ਗੱਲ ਮਹਾਨ ਉਹਨਾਂ ਦੀ,
ਮਿਹਨਤ ਹੈ ਪਹਿਚਾਣ ਉਹਨਾਂ ਦੀ।
ਇੱਕ ਨਹੀਂ ਮੈਂ ਕਈ-ਕਈ ਵਾਰੀ,
ਕੋਸ਼ਸ਼ ਭਾਵੇਂ ਕਰੀ ਬਥੇਰੀ,
ਕਲਮ 'ਚ ਨਹੀਂ ਐਨੀ ਤਾਕਤ ਮੇਰੀ,
ਸ਼ਖ਼ਸੀਅਤ ਹੋਵੇ ਬਿਆਨ ਉਹਨਾਂ ਦੀ,
ਮਿਹਨਤ ਹੈ ਪਹਿਚਾਣ ਉਹਨਾਂ ਦੀ।
ਰੋਮਿਲ ਮਹਿਤਾ ਨਾਮ ਉਹਨਾਂ ਦਾ,
ਸੋਚ ਨੂੰ ਸਦਾ ਸਲਾਮ ਉਹਨਾਂ ਦਾ,
ਸਭਨਾਂ ਨੂੰ ਪੈਗ਼ਾਮ ਉਹਨਾਂ ਦਾ,
ਹਰ ਇੱਕ ਬੰਦਾ ਖਾਣ ਗੁਣਾ ਦੀ,
ਮਿਹਨਤ ਹੈ ਪਹਿਚਾਣ ਉਹਨਾਂ ਦੀ।

**ਬਲਵਿੰਦਰ ਕੌਰ**
**ਪੰਜਾਬੀ ਮਿਸਟ੍ਰੈੱਸ**

## ਸਾਡੇ ਅਧਿਆਪਕ

ਅਧਿਆਪਕ ਸਾਡੇ ਪਿਆਰੇ-ਪਿਆਰੇ
ਸਿੱਖਿਆ ਜਗਤ ਦੇ ਇਹ ਸਹਾਰੇ
ਸਾਨੂੰ ਇਹ ਪਿਆਰ ਹਨ ਕਰਦੇ
ਸਖ਼ਤ ਸਾਡੇ ਲਈ ਮਿਹਨਤ ਕਰਦੇ
ਮਾਪੇ ਸਾਨੂੰ ਤੁਰਨਾ ਸਿਖਾਉਂਦੇ
ਅਧਿਆਪਕ ਸਾਡਾ ਰਾਹ ਰੁਸ਼ਨਾਉਂਦੇ
ਮਾਪੇ ਸਾਨੂੰ ਸਕੂਲ ਨੇ ਪਾਉਂਦੇ
ਅਧਿਆਪਕ ਸਾਨੂੰ ਵਿੱਦਿਆ ਪੜ੍ਹਾਉਂਦੇ
ਰੋਜ਼ ਨੇ ਚੰਗੀਆਂ ਗੱਲਾਂ ਸਿਖਾਉਂਦੇ
ਜ਼ਿੰਦਗੀ ਵਿੱਚ ਸਫ਼ਲ ਬਣਾਉਣਾ ਚਾਹੁੰਦੇ
ਇਸ ਲਈ ਰੋਜ਼ ਮਿਹਨਤ ਕਰਵਾਉਂਦੇ
ਅਧਿਆਪਕ ਰੱਬ ਦਾ ਰੂਪ ਅਖਵਾਉਂਦੇ
ਜਿਵੇਂ ਸਰੀਰ ਲਈ ਸਾਹ ਜ਼ਰੂਰੀ
ਸਿੱਖਿਆ ਦੇ ਲਈ ਅਧਿਆਪਕ ਜ਼ਰੂਰੀ

**ਅਰਸ਼ਦੀਪ ਕੌਰ ਬਾਰਵੀਂ ਡੀ**

# ਇੱਕ ਮੇਰਾ ਜੀਅ ਕਰਦਾ

ਇੱਕ ਮੇਰਾ ਜੀਅ ਕਰਦਾ ਕਿਤੇ ਦੂਰ ਉੱਡ ਜਾਵਾਂ
ਛੱਡ ਕੇ ਦੁਨੀਆਂ ਦੀਆਂ ਫ਼ਿਕਰਾਂ, ਮੁੜ ਬਚਪਨ 'ਚ ਤੁਰ ਜਾਵਾਂ
ਜਿੱਥੇ ਕੋਈ ਫ਼ਿਕਰ ਨਹੀਂ ਕੋਈ ਫ਼ਾਕਾ ਨਹੀਂ ਕੋਈ ਪਰਵਾਹ ਨਹੀਂ
ਉਸ ਚੁਲਬੁਲੇ ਅਤੇ ਨਟਖਟ ਜਿਹੇ ਦੌਰ ਵਿੱਚ ਮੁੜ ਅੱਪੜ ਜਾਵਾਂ
ਕੋਈ ਦਿਖਾਵਾ ਨਹੀਂ
ਬਿਨ੍ਹਾਂ ਗੱਲ ਤੋਂ ਹੱਸੀ ਜਾਣਾ, ਟੱਪੀ ਜਾਣਾ
ਨੱਚ-ਟੱਪ ਕੇ, ਖੇਡ ਕੁੱਦ ਕੇ ਮਾਣ ਕੇ ਮੌਜਾਂ
ਸ਼ਰਾਰਤਾਂ ਵਿੱਚ ਹੀ ਦੁਨੀਆਂ ਸਰ ਕਰ ਜਾਣਾ
ਲੰਗੜੀ ਲੱਤ, ਪੋਸ਼ਮ ਪਾ, ਰੰਗ ਮੰਗਣ, ਊਚ ਨੀਚ, ਕਾ ਪਾਪੜਾ,
ਲੋਹਾ ਲੱਕੜ, ਰੁਮਾਲ ਚੁੱਕਣ, ਸਟਾਪੂ, ਅੰਨ੍ਹਾ ਝੋਟਾ
ਕਿੱਕਲੀ ਕਲੀਰ ਦੀ, ਕੋਟਲਾ-ਛਪਾਕੀ ਵਰਗੀਆਂ ਖੇਡਾਂ ਖੇਡ ਕੇ
ਹਾਏ! ਸੱਚੀਂ ਸੁਰਗਾਂ ਦੇ ਝੂਟੇ ਲੈਣਾ.......
ਕਾਸ਼! ਮੈਂ ਉਸ ਸਮੇਂ ਵਿੱਚ ਵਾਪਿਸ ਜਾ ਸਕਦੀ.......
ਸਮੇਂ ਦੇ ਚੱਕਰ ਨੂੰ ਘੁਮਾ ਸਕਦੀ.......
ਬਿਨਾਂ ਗੱਲ ਤੋਂ ਖਿੜ-ਖਿੜ ਮੁਸਕੁਰਾ ਸਕਦੀ.......
ਛੋਟੀਆਂ-ਛੋਟੀਆਂ ਮੌਜਾਂ 'ਚ ਵੱਸਦੀ ਹੋਈ ਖ਼ੁਸ਼ੀ ਨੂੰ ਪਾ ਸਕਦੀ।
ਕਾਸ਼! ਮੈਂ ਆਪਣਾ ਪਿਆਰਾ ਜਿਹਾ ਬਚਪਨ ਵਾਪਸ ਲਿਆ ਸਕਦੀ ਅਤੇ ਆਪਣੇ ਮਾਤਾ-ਪਿਤਾ
ਦੀ ਉਸ ਲਾਡਲੀ ਜਿਹੀ ਧੀ 'ਰੀਨੂੰ' ਨੂੰ 'ਜਸਰੀਨ ਕੌਰ' ਨਾਲ਼ ਮਿਲਾ ਸਕਦੀ.......ਕਾਸ਼! ਮੈਂ
ਆਪਣਾ ਨਿਰਾਲਾ ਜਿਹਾ ਬਚਪਨ ਵਾਪਸ ਲਿਆ ਸਕਦੀ! ਕਾਸ਼!.......



**ਜਸਰੀਨ ਕੌਰ**
**ਸ.ਸ. ਮਿਸਟ੍ਰੈੱਸ**

## ਸੱਭਿਆਚਾਰ ਦੀ ਰਾਣੀ

ਦੁਨੀਆਂ ਦੇ ਵਿੱਚ ਕਈ ਇਨਸਾਨ ਅਜਿਹੇ ਮਿਲਦੇ ਨੇ।
ਚਿਹਰੇ ਜਿਨ੍ਹਾਂ ਦੇ ਦੇਖ ਕੇ, ਮੁਰਝਾਏ ਫੁੱਲ ਵੀ ਖਿੜਦੇ ਨੇ।
ਜਿੱਧਰੋਂ ਵੀ ਉਹ ਲੰਘ ਜਾਵਣ, ਚੌਗਿਰਦਾ ਮਹਿਕਾਂ ਛੱਡਦਾ ਏ।
ਜਿਨ੍ਹਾਂ ਦਾ ਕਹਿਣਾ ਮੰਨਣਾ ਵੀ, ਭਾਗਾਂ ਭਰਿਆ ਲੱਗਦਾ ਏ।
ਅਜਿਹਾ ਹੀ ਇਨਸਾਨ ਮੈਨੂੰ ਸਕੂਲ ਦੇ ਵਿਹੜੇ ਮਿਲਿਆ।
ਖੁਸ਼ਮਿਜ਼ਾਜ ਤੇ ਜ਼ਿੰਦਾਦਿਲ, ਕੋਈ ਰੱਬ ਰੰਗਾਂ ਵਿੱਚ ਰਲ਼ਿਆ।
'ਹਰਜੀਤ ਕੌਰ' ਹੈ ਨਾਮ ਜਿਵੇਂ, ਉਹ ਸਭ ਦਾ ਮਨ ਜਿੱਤ ਲੈਂਦੇ।
ਖਿੜਿਆ ਚਿਹਰਾ ਹਰਦਮ ਰਹਿੰਦਾ ਹਾਸੇ ਵੰਡਦੇ ਰਹਿੰਦੇ।
ਸੇਵਾ-ਮੁਕਤੀ ਨੇੜੇ ਭਾਵੇਂ, ਫੇਰ ਵੀ ਨਾ ਉਹ ਥੱਕਦੇ।
ਖੁਸ਼ਦਿਲੀ ਦੀ ਮਿਸਾਲ ਨੇ ਮੈਡਮ, ਕੰਮ ਤੋਂ ਨਹੀਓਂ ਅੱਕਦੇ।
ਪੂਰਨ ਸਿੰਘ ਦੀ ਕਵਿਤਾ ਵਰਗੇ ਵੱਗੇ ਜਿਵੇਂ ਦਰਿਆ।
ਸੱਭਿਆਚਾਰ ਦੀ ਰਾਣੀ ਲੱਗਦੀ, ਮੈਂ ਕਿਹੜਾ ਰੁਤਬਾ ਦਿਆਂ।
ਜੁਗ-ਜੁਗ ਰਹਿਣ ਇਹ ਹੱਸਦੇ-ਵੱਸਦੇ, ਮਾਣਨ ਖੁਸ਼ੀਆਂ ਖੇੜੇ।
ਖਿੜੇ ਰਹਿਣ ਗੁਲਜ਼ਾਰਾਂ ਵਾਂਗੂ, ਦੁੱਖ ਨਾ ਆਵਣ ਨੇੜੇ।



**ਹਰਜੀਤ ਕੌਰ**
**ਲੈਕ. ਪੰਜਾਬੀ**

**ਬਲਵਿੰਦਰ ਕੌਰ**
**ਸਾਇੰਸ ਮਿਸਟ੍ਰੈਸ**

## ਸੋਚੋ

ਸੋਚੋ, ਜੇਕਰ ਇਸ ਜੱਗ 'ਤੇ
ਕੰਮ ਤਾਂ ਹੁੰਦੇ ਪਰ ਕੰਮ 'ਚ ਕਾਣੀ ਵੰਡ ਨਾ ਹੁੰਦੀ।
ਸਮਾਜ ਵਿੱਚ ਜੇ ਇਨਸਾਨੀਅਤ ਹੀ ਧਰਮ ਹੁੰਦਾ
ਧਰਮ ਦੇ ਨਾਮ 'ਤੇ ਲੋਕਾਂ ਵਿੱਚ ਲੜਾਈ ਨਾ ਹੁੰਦੀ।
ਜੱਗ 'ਤੇ ਮਿਹਨਤੀ ਲੋਕ ਹੁੰਦੇ
ਪਰ ਮਿਹਨਤ ਤੋਂ ਉੱਪਰ ਰਿਸ਼ਵਤ ਨਾ ਹੁੰਦੀ।
ਸਤਿਕਾਰ ਕਰਨ ਵਾਲ਼ੇ ਤਾਂ ਹੁੰਦੇ
ਪਰ ਸਤਿਕਾਰ ਕਰਵਾਉਣ ਦੀ ਰੀਤ ਨਾ ਹੁੰਦੀ।
ਚੰਗੇ ਲੋਕ ਹਰ ਥਾਂ ਹੁੰਦੇ
ਬੁਰਿਆਂ ਦੀ ਜੱਗ ਤੇ ਕੋਈ ਥਾਂ ਨਾ ਹੁੰਦੀ।
ਜ਼ੁਰਮ ਦਾ ਨਾਸ਼ ਹੁੰਦਾ
ਇਮਾਨਦਾਰੀ ਸਭ ਤੋਂ ਉੱਪਰ ਹੁੰਦੀ।
ਜੇਕਰ ਭਰੂਣ ਹੱਤਿਆ ਦਾ ਪੂਰਨ ਤੌਰ
'ਤੇ ਨਾਸ਼ ਹੁੰਦਾ
ਤਾਂ ਇਹ ਸਮਾਜ ਬਣਾਉਣ ਵਾਲ਼ੀ
ਮਾਂ ਸੁਰੱਖਿਅਤ ਹੁੰਦੀ।
ਸਮਝਣ ਦੀ ਲੋੜ ਹੈ ਅੱਜ
ਇਸ ਜੱਗ ਨੂੰ ਕਿ ਇਹ
'ਅੱਜ' ਕਿੱਧਰ ਜਾ ਰਿਹਾ ਹੈ?

**ਸਿਮਰਨਜੀਤ ਕੌਰ**
**ਗਿਆਰਵੀਂ ਐਫ**

# ਕੁਦਰਤ ਦੇ ਬਣਾਏ ਰੌਚਕ ਅਜੂਬੇ

ਸੂਰਜ : ਪੀਲ਼ੇ ਰੰਗ ਦਾ ਗੋਲ਼ ਮਟੋਲ਼
ਦੇਖ ਬੱਚੇ ਗਾਉਂਦੇ ਮਿੱਠੇ ਬੋਲ:
ਸੂਰਜਾ-ਸੂਰਜਾ ਫੱਟੀ ਸੁਕਾ,
ਨਹੀਂ ਸੁਕਾਣੀ ਗੰਗਾ ਜਾ,
ਗੰਗਾ ਜਾ ਕੇ ਪਿੰਨੀਆ ਬਣਾ,
ਇੱਕ ਪਿੰਨੀ ਟੁੱਟ ਗਈ ਸਾਰੀ ਫੱਟੀ ਸੁੱਕ ਗਈ

ਤਾਰੇ : ਆਸਮਾਨ ਵਿੱਚ ਦੇਖ ਟਿਮ ਟਿਮਾਉਂਦੇ ਤਾਰੇ,
ਦਾਦੀ ਕੋਲ਼ ਇਕੱਠੇ ਹੋ ਜਾਂਦੇ ਸਾਰੇ,
ਦਾਦੀ ਪਾਵੇ ਫੇਰ ਬੁਝਾਰਤ:
ਇੱਕ ਕੋਠੀ ਵਿੱਚ ਐਨੇ ਦਾਣੇ,
ਬੁੱਝਣ ਵਾਲ਼ੇ ਬੜੇ ਸਿਆਣੇ

ਚੰਦਰਮਾ : ਕਦੇ ਬਣਕੇ ਅੱਧਾ ਆਉਂਦਾ,
ਪੂਰਾ ਹੋ ਕੇ ਨਾਲ਼ ਤਿਉਹਾਰ ਲਿਆਉਂਦਾ,
ਕੋਈ ਆਖੇ ਚੰਦਾ ਮਾਮਾ,
ਕੋਈ ਗਾਵੇ ਇਹ ਗੀਤ ਸੁਹਾਵਾ:
ਚੰਦਾ ਮਾਮਾ ਦੂਰ ਕੇ, ਪੂਰ ਪੁਕਾਏ ਗੁੜ ਕੇ,
ਆਪ ਖਾਏ ਥਾਲ਼ੀ ਮੇਂ, ਮੁੰਨੇ ਕੋ ਦੇ ਪਿਆਲੀ ਮੇਂ

ਰੁੱਖ : ਰੁੱਖਾਂ ਵਰਗਾ ਕੋਈ ਨਾ ਰਿਸਤਾ
ਇਸ ਦੁਨੀਆਂ ਵਿੱਚ ਦਿਸਦਾ ਏ
ਜੇ ਇੱਕ ਰੁੱਖ ਅਸੀਂ ਲਾਵਾਂਗੇ ਤਾਂ
ਸੌ ਸੁੱਖ ਸਾਨੂੰ ਮਿਲਦਾ ਏ,
ਇੱਕ ਕੱਟੀਏ ਤਾਂ ਹੋਰ ਲਗਾਈਏ,
ਰੁੱਖਾਂ ਨਾਲ ਵਫ਼ਾ ਕਮਾਈਏ,
ਸ਼ਿਵ ਦੀ ਕਵਿਤਾ ਰੱਖੀਏ ਯਾਦ:
ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ

ਫੁੱਲ : ਫੁੱਲਾਂ ਦੀ ਕੀ ਸਿਫ਼ਤ ਸੁਣਾਵਾਂ,
ਕਈ ਕਿਸਮਾਂ ਵਿੱਚ ਆਉਂਦੇ,
ਕੰਡਿਆਂ ਦੇ ਵਿੱਚ ਉੱਗ ਕੇ ਸਾਨੂੰ
ਮਹਿਕਾਂ ਨਾਲ਼ ਰਿਝਾਉਂਦੇ,
ਡਾਲ਼ੀ ਉਪਰ ਸੋਹਣੇ ਲੱਗਦੇ,
ਟੁੱਟ ਕੇ ਮੈਂ ਮੁਰਝਾਣਾ
ਪਿਆਰੇ ਬੱਚਿਓ, ਤੋੜੋ ਨਾ ਮੈਨੂੰ,
ਦੇਖ ਕੇ ਦੂਰੋਂ ਮੈਨੂੰ ਖੁਸ਼ ਹੋ ਜਾਣਾ

ਪਾਣੀ : ਨੀਲੇ ਰੰਗ ਦਾ ਸ਼ੁੱਧ ਸਾਫ਼
ਸਭ ਨਾਲ਼ ਕਰਦਾ
ਇੱਕੋ ਜਿਹਾ ਇਨਸਾਫ਼,
ਜੀਵ ਜੰਤੂ, ਪੰਛੀ ਜਾਂ ਇਨਸਾਨ,
ਜੀਵਨ ਸਭ ਦਾ ਇਸ ਦੇ ਨਾਲ਼
ਸੁੱਕ ਗਏ ਰੁੱਖ ਤੇ
ਮੁੱਕ ਗਿਆ ਪਾਣੀ,
ਸਭ ਦੁਨੀਆਂ ਦੀ ਖ਼ਤਮ ਕਹਾਣੀ

**ਸੁਖਜੀਤ ਕੌਰ**
**ਲੈਕ: ਅਰਥ ਸ਼ਾਸ਼ਤਰ**

## ਚੜ੍ਹਿਆ 2025

ਚੜ੍ਹਿਆ 2025 ਚਲੋ ਜਸ਼ਨ ਮਨਾਈਏ,
ਬੀਤੇ ਸਮੇਂ ਕੀ ਖੋਇਆ ਪਾਇਆ?
ਇਹ ਵੀ ਬੈਠ ਹਿਸਾਬ ਲਗਾਈਏ।
ਮਾੜੀਆਂ ਆਦਤਾਂ ਨੂੰ ਛੱਡ ਕੇ,
ਚੰਗੀਆਂ ਅਪਣਾਈਏ।

ਕਮੀਆਂ ਲੱਭੀਏ ਆਪਣੀਆਂ,
ਕੋਈ ਕਮੀ ਹਟਾਈਏ।
ਗ਼ਲਤੀਆਂ ਤੋਂ ਸਿੱਖੀਏ,
ਨਵੇਂ ਨਿਸ਼ਾਨੇ ਵੱਲ ਜਾਈਏ।

ਹੋਰ ਵਧੇਰੇ ਪੜ੍ਹੀਏ ਮਿਹਨਤ ਕਰ ਕੇ,
ਖੇਡਾਂ ਵਿੱਚ ਵੀ ਨਾਮ ਕਮਾਈਏ,
ਮਿਹਨਤ ਲਗਨ ਦਾ ਪੱਲਾ ਫੜ ਕੇ,
ਸਫ਼ਲਤਾ ਵਾਲ਼ੀ ਮੰਜ਼ਲ ਪਾਈਏ।

ਨਵੇਂ ਸਾਲ ਨੂੰ ਵਚਨ ਇਹ ਕਰੀਏ,
ਰਲ਼-ਮਿਲ਼ ਰਹੀਏ ਹੱਸੀਏ-ਗਾਈਏ।
ਚੜ੍ਹਿਆ 2025 ਚਲੋ ਜਸ਼ਨ ਮਨਾਈਏ।



**ਸੁਖਮਨਦੀਪ ਕੌਰ**
**ਨੌਵੀਂ ਏ**

## ਗਰਮੀ ਦੀਆਂ ਛੁੱਟੀਆਂ

ਗਰਮੀ ਦੀਆਂ ਹੋਈਆਂ ਛੁੱਟੀਆਂ
ਸਾਥੀਓ, ਖੂਬ ਲਓ ਨਜ਼ਾਰੇ।
ਅਧਿਆਪਕਾਂ ਸਾਨੂੰ ਗੁਣ ਜੋ ਦਿੱਤੇ
ਪੱਲੇ ਰੱਖਿਓ ਸਾਰੇ।

ਛੁੱਟੀਆਂ ਦੇ ਵਿੱਚ ਸੁਰਜੀਤ ਸਰ,
ਸਾਨੂੰ ਸੁੰਦਰ ਲਿਖਾਈ ਸਿਖਾਉਂਦੇ।
ਮੰਜ਼ਲ ਦਾ ਸਾਨੂੰ ਰਾਹ ਨੇ ਦੱਸਦੇ,
ਚੰਗੀਆਂ ਗੱਲਾਂ ਸਿਖਾਉਂਦੇ।

ਇਹਨਾਂ ਛੁੱਟੀਆਂ ਦੇ ਵਿੱਚ ਅਸੀਂ
ਨੀਂਦ ਨੂੰ ਨੇੜੇ ਨਾ ਲਾਉਣਾ।
ਸਵੱਖਤੇ ਉੱਠ ਕੇ ਕਸਰਤ ਕਰਨੀ
ਸਰੀਰ ਹੈ ਤੰਦਰੁਸਤ ਬਣਾਉਣਾ।

ਘਰ ਆਪਣੇ ਵਿੱਚ ਮੌਜ ਮਾਣੀਏ
ਨਾਨੀ ਘਰ ਵੀ ਜਾਈਏ।
ਸਮੇਂ-ਸਮੇਂ ਸਿਰ ਪੜ੍ਹਦੇ ਰਹੀਏ
ਨਾ ਵਿਹਲੇ ਬੈਠ ਗਵਾਈਏ।



**ਸੁਮਨਦੀਪ ਕੌਰ**
**ਨੌਵੀਂ ਏ**

# ਯਾਦਾਂ

ਦੋ ਸਾਲ ਉਹ ਜ਼ਿੰਦਗੀ ਦੇ, ਸਾਨੂੰ ਬੜ੍ਹੇ ਪਿਆਰੇ ਸੀ,
ਜੋ ਨਾਭੇ ਵਾਲ਼ੇ ਭਾਈ ਕਾਹਨ ਸਿੰਘ ਸਕੂਲ ਵਿੱਚ ਗੁਜ਼ਾਰੇ ਸੀ।
ਉੱਹੀ ਯਾਦਾਂ ਦਿਲ ਵਿੱਚ ਮੁੜ-ਮੁੜ ਫੇਰੇ ਆ ਪਾਉਣਗੀਆਂ,
ਬਾਰਵੀਂ ਵਾਲ਼ੀਆਂ ਯਾਦਾਂ ਚੇਤੇ ਬੜੀਆਂ ਆਉਣਗੀਆਂ।

ਜਦੋਂ ਗਿਆਰਵੀਂ ਵਿੱਚ ਨਵੇਂ-ਨਵੇਂ ਅਸੀਂ ਆਏ ਸੀ,
ਇੱਕ ਦੂਜੇ ਤੋਂ ਵੱਧ ਕੇ ਪੀਰੀਅਡ ਲਾਏ ਸੀ।
ਕੀਤੀਆਂ ਜੋ ਮਿਹਨਤਾਂ ਸਾਨੂੰ ਸੁੱਖ ਪਹੁੰਚਾਉਣਗੀਆਂ,
ਬਾਰਵੀਂ ਵਾਲ਼ੀਆਂ ਯਾਦਾਂ ਚੇਤੇ ਬੜੀਆਂ ਆਉਣਗੀਆਂ।

ਟੋਲੀਆਂ ਬਣਾ ਕੇ ਕਦੇ ਸਹੇਲੀਆਂ, ਰੌਣਕ ਲਾਉਂਦੀਆਂ ਸੀ,
ਕਦੇ ਮੱਲੋ-ਮੱਲੀ ਕਿਸੇ ਜਣੀ ਤੋਂ ਪਾਰਟੀ ਕਰਾਉਂਦੀਆਂ ਸੀ,
ਪਾਰਟੀ ਵਾਲ਼ੀਆਂ ਯਾਦਾਂ ਵੀ ਦਿਲ ਵਿੱਚ ਖੋਰੂ ਪਾਉਣਗੀਆਂ,
ਬਾਰਵੀਂ ਵਾਲ਼ੀਆਂ ਯਾਦਾਂ ਚੇਤੇ ਬੜੀਆਂ ਆਉਣਗੀਆਂ।

ਕਈ ਵਿੱਛੜ ਅੱਧ ਵਿਚਾਲ਼ੇ ਅਲ਼ਵਿਦਾ ਕਹਿ ਗਈਆਂ ਸੀ,
10-15 ਸਹੇਲੀਆਂ ਤੋਂ ਅਸੀਂ ਛੇ ਕੁ ਹੀ ਰਹਿ ਗਈਆਂ ਸੀ,
ਤਾਨੀਆਂ, ਐਨਾ, ਨੇਹਾ, ਰਮਨ ਵੀ ਸੋਚੀਂ ਪੈ ਗਈਆਂ ਸੀ,
ਸਹੇਲੀਆਂ ਸੰਗ ਮਾਣੀਆਂ ਉਹ ਮੌਜ਼ਾਂ ਬੜਾ ਰਵਾਉਣਗੀਆਂ,

ਬਾਰਵੀਂ ਵਾਲ਼ੀਆਂ ਯਾਦਾਂ ਚੇਤੇ ਬੜੀਆਂ ਆਉਣਗੀਆਂ।
ਵੰਸ਼ਿਕਾ, ਭਾਰਤੀ, ਸਿਮਰਨ ਵੀ ਯਾਦ ਹੀ ਰਹਿਣਗੀਆਂ,
ਉਂਝ ਭਾਵੇਂ ਸਹੇਲੀਆਂ ਨਾਲ਼ੋਂ ਜੁਦਾਈਆਂ ਪੈਣਗੀਆਂ,
ਵਸਦੀਆਂ ਰਹਿਣ ਇਹ ਸਭੇ ਦਿਲੋਂ ਦੁਆਵਾਂ ਆਉਣਗੀਆਂ,

ਇਸ ਸਕੂਲ ਨੂੰ ਮੇਰੀਆਂ ਸਦਾ ਸਲਾਮਾਂ ਰਹਿਣਗੀਆਂ,
ਬਾਰਵੀਂ ਵਾਲ਼ੀਆਂ ਯਾਦਾਂ ਚੇਤੇ ਬੜੀਆਂ ਆਉਣਗੀਆਂ।

**ਅੰਜਲੀ**
**ਬਾਰਵੀਂ ਆਈ**

## ਮੋਬਾਇਲ

ਮੋਬਾਇਲ ਤੇ ਆ ਕੇ
ਜ਼ਿੰਦਗੀ ਰੁਕ ਜਾਂਦੀ ਏ
ਬਾਕੀ ਸਭ ਗੱਲਾਂ ਦੀ
ਹੱਦ ਮੁੱਕ ਜਾਂਦੀ ਏ।
ਵੱਖਰੀ ਕੋਈ ਅਸੀਮ ਹੈ
ਦੁਨੀਆਂ ਇਸ ਦੀ
ਜਿਸ ਵਿੱਚ ਵੜ ਕੇ ਰੁਲ਼ ਜਾਂਦੇ ਹਾਂ।
ਘਰ ਪਰਿਵਾਰ ਤੇ ਰਿਸ਼ਤੇ ਨਾਤੇ
ਖੁਦ ਨੂੰ ਵੀ ਅਸੀਂ ਭੁੱਲ ਜਾਂਦੇ ਹਾਂ।
ਕਈ ਵਾਰ ਤਾਂ ਦੁਨੀਆਂ ਇਸਦੀ
ਸਾਨੂੰ ਬੜਾ ਭਰਮਾਉਂਦੀ ਹੈ।
ਹਰ ਵਿਅਕਤੀ ਨੂੰ ਮੋਬਾਇਲ
ਨੇ ਭਟਕਾਇਆ ਹੈ,
ਪਰਿਵਾਰ, ਰਿਸ਼ਤੇਦਾਰਾਂ ਤੇ ਸਮਾਜ
ਤੋਂ ਤੋੜ ਬਿਠਾਇਆ ਹੈ।
ਮੋਬਾਇਲ ਦੇ ਭਾਵੇਂ ਫਾਇਦੇ ਵੀ ਨੇ ਕਈ
ਪਰ ਫਾਇਦੇ ਨਾਲ਼ੋਂ ਮਨੁੱਖ ਨੇ
ਨੁਕਸਾਨ ਵੱਧ ਉਠਾਇਆ ਹੈ।




**ਖੁਸ਼ਦੀਪ ਕੌਰ**
**ਬਾਰਵੀਂ ਈ**

## ਪੰਜਾਬੀ ਸਾਡਾ ਵਿਸ਼ਾ ਪਿਆਰਾ

ਪੰਜਾਬੀ ਹੈ ਸਾਡਾ ਵਿਸ਼ਾ ਪਿਆਰਾ
ਸਾਡੀਆਂ ਅੱਖਾਂ ਦਾ ਹੈ ਤਾਰਾ,
ਸੁਰਜੀਤ ਸਰ ਸਾਨੂੰ ਪੰਜਾਬੀ ਪੜ੍ਹਾਉਂਦੇ
ਸੁੰਦਰ ਲਿਖਾਈ ਖ਼ੂਬ ਸਿਖਾਉਂਦੇ
ਸੋਹਣਾ ਸਾਨੂੰ ਸਾਹਿਤ ਪੜ੍ਹਾਉਂਦੇ
ਚੰਗੀਆਂ ਗੱਲਾਂ ਢੇਰ ਸਿਖਾਉਂਦੇ
ਪੰਜਾਬੀ ਦਾ ਅਸੀਂ ਕਰੀਏ ਸਤਿਕਾਰ
ਮਾਂ ਵਾਂਗ ਇਸਨੂੰ ਕਰੀਏ ਪਿਆਰ
ਬੋਲੀ ਹੈ ਸਾਡੀ ਮਾਂ ਵਰਗੀ।
ਬੋਹੜ ਦੀ ਠੰਢੀ ਛਾਂ ਵਰਗੀ।
ਆਓ ਰਲ਼-ਮਿਲ਼ ਨਿਸ਼ਚਾ ਕਰੀਏ;
ਮਿੱਠਾ ਇਸਦਾ ਸਾਹਿਤ ਪੜ੍ਹੀਏ।
ਪੜ੍ਹ ਕਿਤਾਬਾਂ ਮੰਜ਼ਲ ਫੜ੍ਹੀਏ।
ਦੇਸ ਦਾ ਅਸੀਂ ਭਵਿੱਖ ਬਣੀਏ।
ਹੋਰ ਵੀ ਭਾਸ਼ਾ ਸਿੱਖਦੇ ਜਾਈਏ;
ਪਰ ਪੰਜਾਬੀ ਨੂੰ ਦਿਲ 'ਚ ਵਸਾਈਏ।
ਮਾਂ ਆਪਣੀ ਦਾ ਮਾਣ ਵਧਾਈਏ।
ਆਓ! ਸਾਰੇ ਸਹੁੰ ਇਹ ਖਾਈਏ।
ਪੰਜਾਬੀ ਨੂੰ ਨਾ ਕਦੇ ਭੁਲਾਈਏ।

**ਸਿਮਰਨ**
**ਨੌਵੀਂ ਏ**



## ਜ਼ਿੰਦਗੀ ਦੇ ਵਿੱਚ ਅੱਗੇ ਵੱਧਣਾ

ਜ਼ਿੰਦਗੀ ਦੇ ਵਿੱਚ ਅੱਗੇ ਵੱਧਣਾ,
ਕਿਸੇ ਨੇ ਤੇਰੇ ਨਾਲ਼ ਨੀ ਖੜ੍ਹਨਾ।
ਉੱਚਾ ਆਪਣਾ ਮਕਸਦ ਰੱਖੀਂ,
ਜਿੱਤ ਹੈ ਪਾਉਣੀ, ਕਦੇ ਨਾ ਥੱਕੀਂ।

ਹਾਰ ਮੰਨਣਾ ਸਿੱਖਣਾ ਨਹੀਂ ਤੂੰ,
ਮੰਜ਼ਲ ਤੋਂ ਪਹਿਲਾਂ ਰੁਕਣਾ ਨਹੀਂ ਤੂੰ,
ਆਪਣੀ ਗ਼ਲਤੀ ਨੂੰ ਸਬਕ ਬਣਾਉਣਾ।
ਬਸ ਇਹੀ ਮੈਂ ਤੈਨੂੰ ਸਮਝਾਉਣਾ।

ਸੋਚ-ਸਮਝ ਕੇ ਫ਼ੈਸਲਾ ਲੈਣਾ,
ਝੱਖੜਾਂ ਨਾਲ਼ ਵੀ ਪਊਗਾ ਖਹਿਣਾ।
ਸਾਫ਼ ਨੀਅਤ ਨਾਲ਼ ਸ਼ੁਰੂਆਤ ਕਰੀਂ।
ਰੁਕਾਵਟਾਂ 'ਤੋਂ ਨਾਂ ਕਦੇ ਡਰੀਂ।

ਲਿਖਣਾ ਸਿੱਖੀਂ ਪੜ੍ਹਨਾ ਸਿੱਖੀਂ
ਆਪਣੇ ਹੱਕਾਂ ਖਾਤਰ ਲੜਨਾ ਸਿੱਖੀਂ।
ਮੰਜ਼ਲ ਵੱਲ ਨੂੰ ਕਦਮ ਵਧਾਈਂ
ਪੈਰਾਂ ਉੱਤੇ ਖੜ੍ਹਨਾ ਸਿੱਖੀਂ।




## ਖ਼ਿਆਲ ਮੇਰੇ

'ਫੁੱਲਾਂ' ਦੀ ਖ਼ੂਬਸੂਰਤੀ
ਮੇਰੇ ਮਨ ਨੂੰ ਮੋਹਿਤ ਕਰ ਲੈਂਦੀ ਏ।
'ਕੁਦਰਤ' ਦੀ ਹਰਿਆਲੀ,
ਜ਼ਿੰਦਗੀ ਨੂੰ ਰੰਗੀਨ ਕਰ ਦਿੰਦੀ ਏ।

ਦਰਿਆਵਾਂ ਦੇ ਵਹਿਣਾਂ ਵਰਗੇ
ਐਦਾਂ ਦੇ ਨੇ ਖ਼ਿਆਲ ਮੇਰੇ
ਪਰਬਤਾਂ ਦਾ ਜਿਵੇਂ ਲਹਿਰੀਆਂ
ਐਦਾਂ ਦੇ ਅਹਿਸਾਸ ਮੇਰੇ।

ਫੁੱਲਾਂ ਦਾ ਪਿਆ ਬਗੀਚਾ ਫੱਬਦਾ
ਕਿੰਨਾ ਹਰਮਨ-ਪਿਆਰਾ ਲੱਗਦਾ।
ਕੁਦਰਤ ਦਾ ਇਹ ਰੂਪ ਹੈ ਸੋਹਣਾ।
ਹਰ ਸ਼ੈਅ ਤੋਂ ਸਾਦਾ ਤੇ ਮਨਮੋਹਣਾ।

ਹਰਾ-ਭਰਾ ਹਰ ਥਾਂ ਹੋ ਜਾਏ
ਹਰ ਇੱਕ ਸ਼ਹਿਰ ਹਰ ਗਰਾਂ ਹੋ ਜਾਏ।
ਬੱਸ ਐਨੀ ਮੇਰੀ ਖਾਹਸ਼।

ਫੁੱਲਾਂ ਵਰਗੇ ਕੋਮਲ,
ਰੁੱਖਾਂ ਵਰਗੇ ਹਰੇ-ਭਰੇ,
ਜਿਉਣ ਮੇਰੇ ਅਹਿਸਾਸ।

**ਹਰਮਨਦੀਪ ਕੌਰ**
**ਦਸਵੀਂ ਏ**

## ਨਸ਼ਾ

ਨਸ਼ਾ ਹੈ ਬੁਰੀ ਬਲਾ
ਜਿਸਨੂੰ ਲੱਗੇ ਦਏ ਮੁਕਾ
ਬਚ ਕੇ ਰਹਿਣਾ ਨਸ਼ੇ ਤੋਂ
ਇਹ ਜਾਂਦਾ ਸਭ ਨੂੰ ਖਾ।

ਨਸ਼ਾ ਵਿਗਾੜੇ ਮਾਂ ਦੇ ਪੁੱਤ
ਨਸ਼ੇ 'ਚ ਜਿਹੜਾ ਰਹਿੰਦਾ ਧੁੱਤ
ਖੋ ਬਹਿੰਦਾ ਏ ਸੁੱਧ-ਬੁੱਧ
ਨਸ਼ਿਆਂ ਦੇ ਨਾ ਨੇੜੇ ਜਾ
ਨਸ਼ਾ ਹੈ ਬੁਰੀ ਬਲਾ।

ਨਸ਼ਾ ਖਾ ਜਾਵੇ ਸੁੱਖ ਤੇ ਸਿਹਤ
ਨਸ਼ਾ ਵਿਕਾਵੇ ਘਰ ਤੇ ਖੇਤ
ਇੱਜ਼ਤ ਰੁਲ਼ਦੀ ਮਿੱਟੀ-ਰੇਤ
ਸਭ ਕੁੱਝ ਦਿੰਦਾ ਇਹ ਵਹਾ
ਨਸ਼ਾ ਹੈ ਬੁਰੀ ਬਲਾ

ਨਸ਼ਿਆਂ ਵਾਲ਼ੇ ਰਾਹ ਨਾ ਜਾਈਏ
ਨਰਕਾਂ ਕੋਲ਼ੋਂ ਜ਼ਿੰਦ ਬਚਾਈਏ
ਜ਼ਿੰਦਗੀ ਨੂੰ ਖੁਸ਼ਹਾਲ ਬਣਾਈਏ
ਸਭ ਨੂੰ ਦਈਏ ਇਹੋ ਸਲਾਹ
ਨਸ਼ਾ ਹੈ ਬੁਰੀ ਬਲਾ



## ਧੀਆਂ

ਧੀਆਂ ਨੇ ਪਿਆਰੀਆਂ ਬੜੀਆਂ,
ਲੈਂਦੀਆਂ ਨੇ ਪਿਆਰ ਬੜਾ,
ਸਭ ਦੁੱਖ-ਸੁੱਖ ਲੈਂਦੀਆਂ ਸਹਿ ਪਰ
ਕਦੇ ਕਹਿੰਦੀਆਂ ਨਾ ਬੁਰਾ
ਧੀਆਂ ਨੇ ਪਿਆਰੀਆਂ ਬੜੀਆਂ।

ਛੇਤੀ ਹੀ ਵੱਡੀਆਂ ਹੋ ਜਾਣ,
ਕਰਦੀਆਂ ਨੇ ਸਤਿਕਾਰ ਬੜਾ,
ਪਿਆਰ ਦੀਆਂ ਭੁੱਖੀਆਂ ਧੀਆਂ
ਹਰ ਦੁੱਖ ਸਹਿ ਲੈਂਦੀਆਂ
ਧੀਆਂ ਨੇ ਪਿਆਰੀਆਂ ਬੜੀਆਂ

ਧੀਆਂ ਨੇ ਸਿੱਖਿਆ ਖ਼ੁਸ਼ੀ ਵਿੱਚ ਰਹਿਣਾ
ਹਾਸੇ ਨਾਲ਼ ਵਿਹੜਾ ਮਹਿਕਾਉਂਦੀਆਂ
ਹਰੇਕ ਦੀ ਖ਼ੁਸ਼ੀ ਵਿੱਚ ਖ਼ੁਸ਼ ਹੋ ਜਾਂਦੀਆਂ
ਧੀਆਂ ਨੇ ਪਿਆਰੀਆਂ ਬੜੀਆਂ,
ਪਿਆਰ ਲੈਂਦੀਆਂ ਨੇ ਬੜਾ।



**ਨਵਨੀਤ ਕੌਰ**
**ਨੌਵੀਂ ਬੀ**

## ਮੇਰੇ ਦੋਸਤ

ਮੇਰੇ ਪਿਆਰੇ ਦੋਸਤ ਸਾਰੇ,
ਜਾਪਦੇ ਵਾਂਗ ਅੰਬਰਾਂ ਦੇ ਤਾਰੇ।
ਰਲ਼-ਮਿਲ਼ ਜਦੋਂ ਬਹਿੰਦੇ ਸਾਰੇ,
ਹੱਸ ਖੇਡ ਕੇ ਆਉਂਦੇ ਨਜ਼ਾਰੇ।
ਪੜ੍ਹਦੇ ਵੀ ਅਸੀਂ ਰਲ਼ ਕੇ ਸਾਰੇ,
ਮੇਰੇ ਪਿਆਰੇ ਦੋਸਤ ਸਾਰੇ।
ਇੱਕ-ਦੂਜੇ ਦਾ ਮਜ਼ਾਕ ਵੀ ਉਡਾਉਂਦੇ,
ਗੁੱਸਾ ਨਾ ਪਰ ਕਦੇ ਜਤਾਉਂਦੇ।
ਰੁੱਸ ਜਾਵੇ ਜੇ ਕੋਈ ਮਿੱਤਰ ਪਿਆਰਾ,
ਫਿਰ ਮਿਲ਼ਕੇ ਸਾਰੇ ਉਸਨੂੰ ਮਨਾਉਂਦੇ।
ਦੋਸਤੀ ਆਪਣੀ ਨੂੰ ਫੁੱਲਾਂ ਵਾਂਗ ਸਜਾਉਂਦੇ,
ਉੱਪਰੋਂ ਭਾਵੇਂ ਨਾ ਪਿਆਰ ਜਤਾਉਂਦੇ।
ਇੱਕਠੇ ਖਾਂਦੇ ਇੱਕਠੇ ਪੀਦੇਂ,
ਬੇਫਿਕਰੀ ਨਾਲ਼ ਜ਼ਿੰਦਗੀ ਜੀਂਦੇ।
ਕੋਈ ਇੱਕ ਜੇ ਉਦਾਸ ਹੋਵੇ,
ਤਾਂ ਸਭ ਹੋ ਜਾਂਦੇ।
ਮਗਰੋਂ ਸਾਰੇ ਇੱਕਠੇ ਹੋ ਕੇ,
ਉਸਨੂੰ ਫਿਰਦੇ ਖੂਬ ਹਸਾਉਂਦੇ।
ਇੱਕ ਦੂਜੇ ਨੂੰ ਨਾ ਸਿੱਧੇ ਮੂੰਹ ਬੁਲਾਉਂਦੇ,
ਪਰ ਕਦੇ ਨਾ ਇਹ ਗੁੱਸਾ ਜਤਾਉਂਦੇ।
ਵਿਛੜ ਜਾਣਾ ਹੁਣ ਕੁਝ ਦਿਨ ਪਿੱਛੋਂ,
ਫਿਰ ਯਾਦ ਸਾਰੇ ਹੀ ਆਉਣਗੇ।
ਉਂਝ ਤਾਂ ਬੜੇ ਨੇ ਅੜਬ ਸੁਭਾਅ ਦੇ,
ਪਰ ਆਖਰੀ ਦਿਨ ਸਾਰੇ ਹੀ ਰੋਣਗੇ।
ਕਰਦੇ ਇੱਕ ਦੂਜੇ ਨੂੰ ਪਿਆਰ ਸਾਰੇ,
ਮੇਰੇ ਪਿਆਰੇ ਦੋਸਤ ਸਾਰੇ,
ਜਾਪਦੇ ਵਾਂਗ ਅੰਬਰਾਂ ਦੇ ਤਾਰੇ।

**ਤਰਨਜੀਤ**
**ਬਾਰਵੀਂ ਡੀ**

## ਆਦਤ

ਸਾਡੇ ਜੀਵਨ ਵਿੱਚ
ਆਦਤਾਂ ਦਾ ਬਹੁਤ ਮਹੱਤਵ ਹੈ।
ਆਦਤਾਂ ਤੋਂ ਹੀ ਪਤਾ ਲੱਗਦਾ
ਹੈ ਕਿ ਸਾਡੇ ਅੱਗੇ ਦਾ
ਜੀਵਨ ਕਿਹੋ-ਜਿਹਾ ਹੋਵੇਗਾ।
ਸਾਡੇ ਜੀਵਨ ਵਿੱਚ ਕਈ ਚੰਗੀਆਂ
ਆਦਤਾਂ ਤੇ ਕਈ ਬੁਰੀਆਂ ਆਦਤਾਂ
ਹੁੰਦੀਆਂ ਹਨ।
ਚੰਗੀਆਂ ਆਦਤਾਂ ਜਲਦੀ
ਲੱਗਦੀਆਂ ਹਨ।
ਬੁਰੀਆਂ ਆਦਤਾਂ ਜਲਦੀ
ਛੁੱਟਦੀਆਂ ਨਹੀਂ।
ਚੰਗੀ ਆਦਤ ਬਣਾਉਣੀ ਪੈਂਦੀ ਐ।
ਬੁਰੀ ਆਦਤ ਭਜਾਉਣੀ ਪੈਂਦੀ ਐ।
ਚੰਗੀ ਆਦਤ ਜੇ ਲੱਗ ਜੇ ਜ਼ਿੰਦਗੀ ਨੂੰ
ਮਜ਼ਾ ਦਿੰਦੀ ਐ।
ਬੁਰੀ ਆਦਤ ਜੇ ਲੱਗ ਜੇ
ਜ਼ਿੰਦਗੀ ਨੂੰ ਬੁਝਾ ਦਿੰਦੀ ਐ।

**ਮਹਿਮਾ**
**ਨੌਵੀਂ ਸੀ**



## ਛੁੱਟੀਆਂ

ਛੁੱਟੀਆਂ ਆਈਆਂ, ਛੁੱਟੀਆਂ ਆਈਆਂ,
ਛੁੱਟੀਆਂ ਘੁੰਮਣ ਦਾ ਚਾਅ ਲਿਆਈਆ।
ਜੀਅ ਤਾਂ ਕਰਦਾ ਹੈ ਬਾਹਰ ਘੁੰਮਣ ਦਾ,
ਜਿਵੇਂ ਸ਼ਿਮਲਾ, ਚੰਡੀਗੜ੍ਹ, ਮੁੰਬਈ ਅੰਦਰ
ਪਰ ਸਾਡੇ ਘਰ ਦੇ ਲਿਜਾਂਦੇ ਨੇ,
ਨਾਨਕੇ ਜਾਂ ਫਿਰ ਨੈਣਾ ਦੇਵੀ ਦੇ ਮੰਦਰ।

ਛੁੱਟੀਆਂ ਆਈਆਂ, ਛੁੱਟੀਆਂ ਆਈਆਂ,
ਨਾਲ਼ ਗਰਮੀ ਤੇ ਧੁੱਪ ਲਿਆਈਆਂ।
ਲੋਕਾਂ ਦਾ ਬੁਰਾ ਹਾਲ ਹੈ ਹੋਇਆ।
ਮੁੜ੍ਹਕਾ ਮੁੱਖ ਤੋਂ ਮੁੜ-ਮੁੜ ਚੋਇਆ।
ਵੱਧ ਤੋਂ ਵੱਧ ਚਲੋ ਰੁੱਖ ਲਗਾਈਏ
ਰਲ਼-ਮਿਲ਼ ਵਾਤਾਵਰਨ ਬਚਾਈਏ
ਰੁੱਖ ਲਗਾ ਕੇ ਗਰਮੀ ਘਟਾਈਏ
ਘੁੰਮਣ ਜਾਈਏ ਨਾ ਜਾਈਏ
ਪਰ ਰੁੱਖ ਲਗਾਈਏ।
ਵਾਤਾਵਰਨ ਨੂੰ ਸਵੱਛ ਬਣਾਈਏ।

**ਅੰਜੂ**
**ਨੌਵੀਂ ਬੀ**



## ਪੰਜਾਬ

ਸੋਹਣਾ ਰੰਗਲਾ ਪੰਜਾਬ ਮੇਰਾ,
ਰਾਜਨੀਤੀ ਨੇ ਵਿਗਾੜ ਦਿੱਤਾ।
ਇਸਦੇ ਸੋਹਣੇ ਰੁੱਖਾਂ ਨੇ,
ਸਾਨੂੰ ਮਾਵਾਂ ਵਾਂਗ ਪਿਆਰ ਦਿੱਤਾ।

ਪੰਜ ਦਰਿਆਵਾਂ ਦਾ ਦੇਸ ਸੀ ਇਹ
ਕਰ ਕੇ ਵੰਡ ਹੈ ਪਾੜ ਦਿੱਤਾ
ਬਾਕੀ ਬਚੇ ਜੋ ਢਾਈ ਦਰਿਆ
ਹੜ੍ਹ ਨਸ਼ਿਆਂ ਦਾ ਉਨ੍ਹਾਂ
'ਚ ਚਾੜ੍ਹ ਦਿੱਤਾ।

ਵਿਦੇਸ਼ ਜਾਣ ਨੂੰ ਭੱਜਦੇ ਸਾਰੇ
ਪੰਜਾਬ-ਪੰਜਾਬ ਉਂਝ ਕਰਦੇ ਸਾਰੇ
ਕਿਉਂ ਭੁੱਲਦੇ ਉਹ ਕਰਜ਼ ਪੰਜਾਬ ਦਾ
ਦੇਣ ਏਸ ਦੀ ਬੇ-ਹਿਸਾਬ ਦਾ।

**ਕਵਿਤਾ**
**ਬਾਰਵੀਂ ਡੀ**



## ਮੰਜ਼ਲ

ਮੰਜ਼ਲ ਵੱਲ ਚੱਲਦਿਆਂ
ਤੁਫ਼ਾਨ ਬੜੇ ਆਉਣਗੇ,
ਅਸੀਂ ਰੁਕਦੇ ਨਹੀਂ
ਅਸੀਂ ਝੁਕਦੇ ਨਹੀਂ
ਜ਼ਿੰਦਗੀ 'ਚ ਉਬਾਲ਼ ਬੜੇ ਆਉਣਗੇ

ਰਸਤੇ ਤੋਂ ਸਾਨੂੰ ਭਟਕਾਉਣ ਲਈ
ਵੱਖ-ਵੱਖ ਕਿਰਦਾਰ ਜ਼ੋਰ ਲਾਉਣਗੇ,
ਅਸੀਂ ਇੰਨੀ ਮਿਹਨਤ ਕਰਾਂਗੇ
ਕਿ ਜ਼ਿੰਦਗੀ 'ਚ ਸਲਾਮ ਬੜੇ ਆਉਣਗੇ।

ਖ਼ੂਬ ਕਰਾਂਗੇ ਅਸੀਂ ਪੜ੍ਹਾਈ
ਉੱਚੀ ਵਿੱਦਿਆ ਪਾਵਾਂਗੇ।
ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ
ਅਸੀਂ ਖ਼ੂਬ ਨਾਂ ਚਮਕਾਵਾਂਗੇ



**ਮਨਜੋਤ ਕੌਰ**
**ਛੇਵੀਂ ਏ**

## ਕੁੜੀ

ਮੈਂ ਇੱਕ ਕੁੜੀ ਹਾਂ
ਹਾਂ ਮੈਂ ਥੋੜ੍ਹੀ ਭਾਵਕ ਹਾਂ
ਪਰ ਹਰ ਕਿਸੇ ਦੇ ਸਾਹਮਣੇ ਹੁੰਦੀ ਨਹੀਂ
ਉਂਝ ਤਾਂ ਮੈਂ ਮਜ਼ਬੂਤ ਬਹੁਤ ਆਂ
ਪਰ ਜੇ ਕੋਈ ਆਪਣਾ ਕੁਝ
ਮਾੜਾ ਕਹਿੰਦਾ ਏ
ਤਾਂ ਮੈਂ ਛੇਤੀ ਰੋਣ ਲੱਗ ਜਾਂਦੀ ਹਾਂ
ਉਂਝ ਤਾਂ ਸਾਰੇ ਮੈਨੂੰ ਪਿਆਰ ਕਰਦੇ ਨੇ
ਪਰ ਜੇ ਕੋਈ ਨਾ ਕਰੇ ਪਿਆਰ
ਤਾਂ ਬੇਵਜ੍ਹਾ ਖਿਝਦੀ ਰਹਿੰਦੀ ਹਾਂ
ਹਾਂ ਮੈਂ ਛੋਟੀ ਆਂ
ਪਰ ਲੋਕਾਂ ਦੀਆਂ ਗੱਲਾਂ ਸਮਝਦੀ ਆਂ।
ਜਿੱਥੇ ਸਾਰੇ ਕਹਿੰਦੇ ਨੇ ਮੈਂ ਤੇਰੇ ਨਾਲ਼ ਹਾਂ
ਪਰ ਨਾਲ਼ ਹੋ ਕੇ ਵੀ ਉਹ ਨਾਲ਼ ਨੀ ਹੁੰਦੇ।
ਜਿੱਥੇ ਸਾਰੇ ਮੈਨੂੰ ਬਹੁਤ ਪਿਆਰ
ਤਾਂ ਕਰਦੇ ਨੇ
ਪਰ ਦਿਲੋਂ ਕੋਈ ਕਰਦਾ ਨੀ
ਅੱਜ ਮੈਂ ਤੁਹਾਨੂੰ ਸਭ ਨੂੰ
ਇੱਕ ਸਵਾਲ ਪੁੱਛਦੀ ਹਾਂ
ਤੁਸੀਂ ਕੁੜੀ ਅਤੇ ਮੁੰਡੇ ਵਿੱਚ
ਫ਼ਰਕ ਕਿਉਂ ਕਰਦੇ ਓ?
ਮੁੰਡੇ ਅਤੇ ਕੁੜੀ ਨੂੰ ਕੁਦਰਤ ਨੇ
ਹੀ ਬਣਾਇਆ ਏ
ਤਾਂ ਕੁੜੀ ਅਤੇ ਮੁੰਡੇ ਵਿੱਚ ਫ਼ਰਕ
ਕਿਉਂ ਕਰਦੇ ਓ?
ਮੁੰਡਿਆਂ ਨੂੰ ਤਾਂ ਪਿਆਰ ਬਹੁਤ ਕਰਦੇ ਓ
ਪਰ ਕੁੜੀਆਂ ਨੂੰ..................।

**ਮਨਪ੍ਰੀਤ**
**ਬਾਰਵੀਂ ਐੱਚ**

## ਗੁਰੂ

ਲੱਖ ਸਫ਼ੈਦੇ ਹੋਣ ਉੱਚੇ,
ਕਦੇ ਨਾ ਛੋਹ ਸਕਦੇ ਅਸਮਾਨ।
ਤਿਵੇਂ ਹੀ ਗੁਰੂ ਗਿਆਨ ਬਿਨ੍ਹਾਂ,
ਨਾ ਕੋਈ ਬਣ ਸਕਦੇ ਵਿਦਵਾਨ।
ਗੁਰੂ ਸਿਰਜੇ ਸਭ ਪਦ ਅਧਿਕਾਰੀ,
ਡਾਕਟਰ ਇੰਜੀਨੀਅਰ ਚਾਹੇ ਹੋਵੇ ਲਿਖਾਰੀ।
ਕਈ ਮਹਾਨ ਸ਼ਖ਼ਸਾਂ ਦਾ ਕਹਿਣਾ,
ਗੁਰੂ ਵਿੱਦਿਆ ਹੈ ਪਰਉਪਕਾਰੀ।
ਪੱਤਝੜ ਵਿੱਚ ਵੀ ਖਿੜੇ ਰਹਿਣ,
ਫੁੱਲ ਜਿਉਂ ਹੁੰਦੇ ਸਦਾ-ਬਹਾਰੀ।
ਇਹ ਲਫ਼ਜ਼ ਵੀ ਘੱਟ ਗੁਰੂ ਸਿਫ਼ਤ ਦੇ,
ਐਸੀ ਸ਼ਖ਼ਸੀਅਤ ਮਹਾਨ ਲਈ।
ਆਪ ਮੋਮਬੱਤੀ ਵਾਂਗ ਜਲ਼ ਕੇ,
ਚਾਨਣ ਕਰਦਾ ਜਹਾਨ ਲਈ।
ਆਉਂਦੇ ਜਾਂਦੇ ਲੋਕ ਹਮੇਸ਼ਾ ਛਾਵੇਂ ਵਹਿੰਦੇ
ਗੁਰੂ ਹੀ ਗਿਆਨ ਬਿਰਖ ਦਾ ਬੀ ਬੋਇਆ,
ਹੈ ਜੱਗ ਕਲਿਆਣ ਲਈ।

## ਮਾਂ

ਮੇਰੀ ਮਾਂ ਬਾਰੇ ਲਿਖਣ ਲੱਗਿਆਂ,
ਸੋਚਾਂ ਕੀ ਲਿਖਾਂ ਕੀ ਨਾਂ ਲਿਖਾਂ।
ਮਾਂ ਨੇ ਜ਼ਿੰਦਗੀ ਚਾਨਣ ਕੀਤੀ,
ਮਾਂ ਹੀ ਸਾਡੀ ਸਹੀ ਦਿਸ਼ਾ।
ਉਹ ਤੇਜ਼ ਹਵਾ, ਅਗਨੀ, ਅਕਾਸ਼,
ਮੇਰੀ ਮਾਂ ਦੀ ਰੀਸ ਨਹੀਂ ਕਰ ਸਕਦੀ।
ਆਪ ਮੁਸੀਬਤਾਂ ਬਹੁਤ ਝੱਲੀਆਂ,
ਸਾਡੇ 'ਤੇ ਪੀੜਾਂ ਨਹੀਂ ਜਰ ਸਕਦੀ।
ਇਹ ਵੀ ਕਿਸੇ ਸਹੀ ਲਿਖਿਆ,
ਕਿ ਮਾਵਾਂ ਠੰਢੀਆਂ ਛਾਵਾਂ ਨੇ।
ਚੜ੍ਹਦੇ ਲਹਿੰਦੇ, ਆਥਣ ਤੜਕੇ,
ਕਰਨ ਪੁੱਤ ਲਈ ਦੁਆਵਾਂ ਨੇ।
ਉਮਰ ਹੋਵੇ ਮੇਰੀ ਮਾਂ ਦੀ ਲੰਬੀ,
ਰੱਬ ਅੱਗੇ ਏਹੋ ਅਰਦਾਸ ਕਰਾਂ।
ਮੇਰੇ 'ਤੇ ਉਮੀਦਾਂ ਜੋ ਲਾਈਆਂ,
ਮੇਰੀ ਮਾਂ ਦੀ ਪੂਰੀ ਮੈਂ ਆਸ ਕਰਾਂ।

## ਚੱਲੋ ਅਵਾਜ਼ ਉਠਾਈਏ

ਹੋ ਗਈ ਹੱਦ ਪਾਰ, ਚੱਲੋ ਅਵਾਜ਼ ਉਠਾਈਏ।
ਵੱਧ ਗਿਆ ਅੱਤਿਆਚਾਰ, ਚੱਲੋ ਅਵਾਜ਼ ਉਠਾਈਏ।
ਧੀਆਂ ਨਾ ਕਿਤੇ ਅਜ਼ਾਦ, ਚੱਲੋ ਅਵਾਜ਼ ਉਠਾਈਏ।
ਫਿਰਦੇ ਆਰੋਪੀ ਨੇ ਬਿੰਦਾਸ, ਚੱਲੋ ਅਵਾਜ਼ ਉਠਾਈਏ।
ਕਿਉਂ ਭਾਰਤ ਦਾ ਐਸਾ ਹਾਲ, ਇਹ ਸਵਾਲ ਉਠਾਈਏ।
ਜਾਗੋ ਸੁੱਤੀ ਸਰਕਾਰ, ਵਾਰ-ਵਾਰ ਦੁਹਰਾਈਏ।
ਉੱਡਦੀਆਂ ਚਿੜੀਆਂ ਦੀ ਉਡਾਰ ਨੂੰ ਡਰਾਉਂਦਾ ਫਿਰਦਾ
ਹੈ ਮਾਸਖੋਰਾ ਬਾਜ, ਚੱਲੋ ਅਵਾਜ਼ ਉਠਾਈਏ।
ਕਰੋ ਧੀਆਂ ਦਾ ਸਤਿਕਾਰ, ਇਹ ਐਲਾਨ ਕਰਾਈਏ,
ਹੋ ਗਈ ਹੱਦ ਪਾਰ, ਚੱਲੋ ਅਵਾਜ਼ ਉਠਾਈਏ।

**ਹਿਮਨਪ੍ਰੀਤ ਕੌਰ**
**ਬਾਰਵ੍ਹੀਂ ਜੀ**

# ਵਿਦਿਆਰਥੀ ਜੀਵਨ

ਵਿਦਿਆਰਥੀ ਜੀਵਨ ਮਨੁੱਖ ਦੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਅਤੇ ਸੁਨਿਹਰਾ ਦੌਰ ਹੈ। ਇਸ ਸਮੇਂ ਵਿੱਚ ਇੱਕ ਵਿਦਿਆਰਥੀ ਦੇ ਭਵਿੱਖ ਦੀ ਨੀਂਹ ਪੈਂਦੀ ਹੈ। ਇਹ ਸਮਾਂ ਸਿਰਫ਼ ਪੜ੍ਹਾਈ ਲਈ ਨਹੀਂ, ਸਗੋਂ ਆਪਣੇ ਆਪ ਨੂੰ ਵਿਸ਼ਵਾਸਯੋਗ, ਜਿੰਮੇਵਾਰ ਅਤੇ ਕਾਮਯਾਬ ਬਣਾਉਣ ਲਈ ਤਿਆਰ ਕਰਨ ਦਾ ਸਮਾਂ ਹੈ। ਜੀਵਨ ਵਿੱਚ ਕਾਮਯਾਬੀ ਹਾਸਲ ਕਰਨ ਲਈ ਸਖ਼ਤ ਮਿਹਨਤ, ਦ੍ਰਿੜ ਇਰਾਦਾ ਅਤੇ ਸਹੀ ਦਿਸ਼ਾ ਚੁਣਨੀ ਬਹੁਤ ਜ਼ਰੂਰੀ ਹੈ। ਵਿਦਿਆਰਥੀ ਜੀਵਨ ਵਿੱਚ ਮਿਹਨਤ ਕਰਨਾ ਇੱਕ ਆਦਤ ਬਣ ਜਾਂਦੀ ਹੈ। ਜਿੰਨੀ ਉਹ ਮਿਹਨਤ ਕਰੇਗਾ ਉੱਨਾ ਹੀ ਉਸਦਾ ਭਵਿੱਖ ਚਮਕੇਗਾ। ਕਈ ਵਾਰ ਜੀਵਨ ਵਿੱਚ ਬਹੁਤ ਮੁਸ਼ਕਲਾਂ ਵੀ ਆਉਂਦੀਆਂ ਹਨ। ਕਈ ਵਿਸ਼ਿਆਂ ਦੀ ਪੜ੍ਹਾਈ ਔਖੀ ਵੀ ਲੱਗਦੀ ਹੈ ਜਾਂ ਨਤੀਜ਼ੇ ਉਮੀਦ ਅਨੁਸਾਰ ਨਹੀਂ ਆਉਂਦੇ, ਪਰ ਅਸਫ਼ਲਤਾ ਨਹੀਂ ਹੁੰਦੀ, ਇਹ ਯਾਦ ਰੱਖੋ ਸਗੋਂ ਅੱਗੇ ਹੋਰ ਵਧੋ, ਮਿਹਨਤ ਕਰੋ ਅਸਫ਼ਲਤਾ ਤੋਂ ਤੁਸੀਂ ਵਧੇਰੇ ਕੁਝ ਸਿੱਖਦੇ ਹੋ, ਬਹੁਤ ਕੁਝ ਨਵਾਂ ਸਿੱਖਦੇ ਹੋ। ਇਸ ਲਈ ਹਾਰ ਤੋਂ ਨਾ ਡਰੋ।

ਵਿਦਿਆਰਥੀ ਜੀਵਨ ਵਿੱਚ ਜੇਕਰ ਸਮੇਂ ਦਾ ਸਦਉਪਯੋਗ ਕੀਤਾ ਜਾਏ ਤਾਂ ਇਹ ਅੱਗੇ ਚੱਲ ਕੇ ਤਰੱਕੀ ਤੇ ਖੁਸ਼ਹਾਲੀ ਦੇ ਬਹੁਤ ਰਸਤੇ ਖੋਲ੍ਹ ਦਿੰਦਾ ਹੈ ਕਿਉਂਕਿ ਸਮਾਂ ਇੱਕ ਕੀਮਤੀ ਚੀਜ ਹੈ। ਇਹ ਗੱਲ ਵੀ ਯਾਦ ਰੱਖੋ ਕਿ ਕਾਮਯਾਬੀ ਸਿਰਫ਼ ਪੈਸੇ ਜਾਂ ਮੌਕੇ ਨਾਲ਼ ਨਹੀਂ ਮਿਲਦੀ ਸਗੋਂ ਆਪਣੀ ਮਿਹਨਤ, ਦਿੜਤਾ ਅਤੇ ਇਮਾਨਦਾਰੀ ਨਾਲ਼ ਮਿਲਦੀ ਹੈ। ਵਿਦਿਆਰਥੀ ਜੀਵਨ ਦਾ ਸੱਚਾ ਅਰਥ ਹੀ ਹੈ ਸਿੱਖਣਾ, ਵਧਣਾ ਅਤੇ ਆਪਣੇ ਭਵਿੱਖ ਨੂੰ ਸੁਨਿਹਰਾ ਬਣਾਉਣਾ। ਜੇਕਰ ਸੁਪਨੇ ਸੱਚੇ ਕਰਨੇ ਹਨ ਤਾਂ ਬਿਨ੍ਹਾਂ ਰੁਕੇ ਹਮੇਸ਼ਾ ਮਿਹਨਤ ਕਰੋ, ਰੁਕੋ ਨਾ। ਇੱਕ ਨਾ ਇੱਕ ਦਿਨ ਤੁਹਾਡੀ ਮਿਹਨਤ ਜਰੂਰ ਰੰਗ ਲਿਆਵੇਗੀ। ਡਾ. ਦੀਵਾਨ ਸਿੰਘ ਕਾਲੇਪਾਣੀ ਅਨੁਸਾਰ :

ਪਾਣੀ ਵਗਦੇ ਹੀ ਰਹਿਣ, ਕਿ ਵਗਦੇ ਸੁੰਹਦੇ ਨੇ,
ਖੜੋਂਦੇ ਬੁਸਦੇ ਨੇ ਕਿ ਪਾਣੀ ਵਗਦੇ ਹੀ ਰਹਿਣ।



**ਮਧੂਬਾਲਾ**
**ਪੰਜਾਬੀ ਲੈਕਚਰਾਰ**

# ਮੇਰਾ ਸੁਨੇਹਾ

ਪਿਆਰੇ ਬੱਚਿਓ!

ਆਪਣੇ ਸਕੂਲ ਦੇ ਸਾਹਿਤਕ ਰਸਾਲੇ 'ਸੋਚ ਉਡਾਰੀ' ਨਾਲ਼ ਵਿਦਿਆਰਥੀਆਂ ਦੀਆਂ ਭਾਵਨਾਵਾਂ, ਸੋਚਾਂ ਬਾਰੇ ਜਾਣੂ ਹੁੰਦੇ ਹਾਂ ਉੱਥੇ ਹੀ ਇਹ ਰਸਾਲਾ ਤੁਹਾਡੇ ਮਨਾਂ ਵਿੱਚ ਛੁਪੇ ਉਹ ਗੁਣ ਬਾਹਰ ਲੈ ਕੇ ਆਉਂਦਾ ਹੈ ਜੋ ਤੁਸੀ ਅਸਾਨੀ ਨਾਲ਼ ਦੂਸਰਿਆਂ ਨਾਲ਼ ਸਾਂਝੇ ਨਹੀਂ ਕਰ ਸਕਦੇ। ਇਹ ਸਾਹਿਤਕ ਰਸਾਲਾ ਨਾ ਸਿਰਫ਼ ਰਚਨਾਵਾਂ ਹੀ ਪੇਸ਼ ਕਰਦਾ ਹੈ। ਸਗੋਂ ਤੁਹਾਡੇ ਮਨਾਂ ਵਿੱਚ ਛੁਪੇ ਤੁਹਾਡੇ ਸੁਪਨਿਆਂ ਨੂੰ ਖੰਭ ਪ੍ਰਦਾਨ ਕਰਦਾ ਹੈ।

ਪਿਆਰੇ ਬੱਚਿਓ! ਮੈਂ ਇਸ ਰਸਾਲੇ ਰਾਹੀਂ ਬਹੁਤ ਹੀ ਮਹੱਤਵਪੂਰਨ ਵਿਸ਼ੇ 'ਤੇ ਗੱਲ ਕਰਦੀ ਹਾਂ ਜੋ ਜੀਵਨ ਦੇ ਹਰ ਪੜਾਅ ਵਿੱਚ ਮਹੱਤਵ ਰੱਖਦਾ ਹੈ। ਅੱਜ ਆਪਾਂ ਅਨੁਸ਼ਾਸਨ ਬਾਰੇ ਗੱਲ ਕਰਾਂਗੇ।ਅਨੁਸ਼ਾਸਨ ਦਾ ਸਬੰਧ ਜ਼ਿੰਦਗੀ ਦੇ ਹਰ ਪੜਾਅ ਨਾਲ਼ ਹੈ।ਕਿਸੇ ਵੀ ਮੰਜ਼ਿਲ ਵੱਲ ਪਹੁੰਚਣ ਲਈ ਬਹੁਤ ਜ਼ਰੂਰੀ ਹੈ।ਮਜ਼ਬੂਤ ਕਦਮਾਂ ਨਾਲ ਤੁਰਨਾ, ਰਾਹਾਂ ਦੀਆਂ ਮੁਸ਼ਕਲਾਂ ਦੇ ਬਾਵਜੂਦ ਤੁਹਾਡਾ ਪਹੁੰਚਣ ਦਾ ਇਰਾਦਾ ਅਤੇ ਨਿਯਮਤਾ ਨਾਲ਼ ਚੱਲਦੇ ਰਹਿਣਾ ਮੰਜ਼ਲ ਤੱਕ ਲੈ ਜਾਵੇਗਾ। ਆਪਣੀ ਮੰਜ਼ਲ ਵੱਲ ਪਹੁੰਚਣ ਦੀ ਚਾਹ, ਪੱਕਾ ਇਰਾਦਾ ਅਤੇ ਨਿਯਮਤਾ ਇਹੀ ਤਾਂ ਸਵੈ ਅਨੁਸ਼ਾਸਨ ਹੁੰਦਾ ਹੈ। ਜਦੋਂ ਅਸੀਂ ਖੁਦ 'ਤੇ ਆਪਣੀ ਮਰਜ਼ੀ ਨਾਲ਼ ਨਿਯੰਤਰਨ ਕਰਦੇ ਹਾਂ, ਬਿਨ੍ਹਾਂ ਕਿਸੇ ਦੇ ਕਹਿਣ 'ਤੇ।

ਹਾਂ, ਇਹ ਗੱਲ ਸਹੀ ਹੈ ਕਿ ਸਕੂਲ ਵਿੱਚ ਇਸ ਸਬੰਧੀ ਜਾਣੂ ਕਰਵਾਇਆ ਜਾਂਦਾ ਹੈ, ਲਾਗੂ ਤੁਸੀ ਖੁਦ ਕਰਨਾ ਹੈ। ਆਪਣਾ ਪੂਰਾ ਜੀਵਨ ਸਫ਼ਲ ਬਣਾਉਣ ਲਈ ਆਪਣੇ ਬੁਣੇ ਸੁਪਨੇ ਪੂਰੇ ਕਰਨ ਲਈ ਆਪਣੀ ਦਿਨ-ਚਰੀਆ ਨੂੰ ਨਿਯਮਤਾ ਵਿੱਚ ਲਿਉਣਾ ਬਹੁਤ ਜ਼ਰੂਰੀ ਹੈ। ਬੁਰੇ ਵਿਚਾਰਾਂ 'ਤੇ ਨਿਯੰਤਰਨ ਕਰਨ ਲਈ ਸਵੈ-ਅਨੁਸ਼ਾਸ਼ਨ ਦੀ ਬਹੁਤ ਲੋੜ ਹੁੰਦੀ ਹੈ। ਆਪਣੇ ਪੂਰੇ ਦਿਨ ਦੇ ਸਮੇਂ ਨੂੰ ਸਹੀ ਤਰੀਕੇ ਨਾਲ਼ ਪੜ੍ਹਨ ਲਈ, ਖੇਡਾਂ ਲਈ, ਅਰਾਮ ਲਈ ਅਤੇ ਸਾਹਿਤਕ ਗਤੀਵਿਧੀਆਂ ਲਈ ਵੰਡ ਕਰਕੇ, ਆਪਣੇ ਮਨ ਤੇ ਸਖ਼ਤੀ ਕਰਦੇ ਹੋਏ ਖੁਦ ਨੂੰ ਅਨੁਸ਼ਾਸਨ ਵਿੱਚ ਰੱਖੋ। ਫਿਰ ਜ਼ਿੰਦਗੀ ਦੇ ਹਰ ਪੜਾਅ ਵਿੱਚ ਤੁਹਾਡਾ ਸਤਿਕਾਰ ਹੋਵੇਗਾ। ਤੁਹਾਡੇ ਸੁਪਨੇ ਹਕੀਕਤ ਬਣਨਗੇ, ਮੰਜ਼ਲ ਤੁਹਾਡੇ ਕਦਮਾਂ ਵਿੱਚ ਹੋਵੇਗੀ।

**ਚੰਦਰ ਕਲਾ**
**ਪੀ.ਟੀ. ਆਈ**

# ਮੋਬਾਇਲ ਫੋਨ ਦੀ ਸਹੀ ਵਰਤੋਂ

ਪਿਆਰੇ ਬੱਚਿਓ!

ਮੋਬਾਇਲ ਫੋਨ ਭਾਵੇਂ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ, ਜਿਸਦੀ ਵਰਤੋਂ ਫਾਇਦੇਮੰਦ ਅਤੇ ਨੁਕਸਾਨਦੇਹ ਵੀ ਹੋ ਸਕਦੀ ਹੈ, ਅਸੀਂ ਇਸਨੂੰ ਕਿਵੇਂ ਵਰਤਦੇ ਹਾਂ, ਇਸ 'ਤੇ ਨਿਰਭਰ ਕਰਦਾ ਹੈ, ਜਦੋਂ ਜਰੂਰਤ ਪੈਣ 'ਤੇ ਵਰਤਿਆ ਜਾਂਦਾ ਹੈ, ਇਸਦਾ ਸਾਨੂੰ ਲਾਭ ਹੁੰਦਾ ਹੈ ਪਰ ਜਦੋਂ ਲੋੜ ਤੋਂ ਵੱਧ ਵਰਤਿਆ ਜਾਂਦਾ ਹੈ ਫਿਰ ਇਹ ਨੁਕਸਾਨਦਾਇਕ ਹੀ ਹੁੰਦਾ ਹੈ। ਜਿਵੇਂ ਕਿ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਮੋਬਾਇਲ ਫੋਨ ਦੇ ਬਹੁਤ ਸਾਰੇ ਫਾਇਦੇ ਹਨ ਇਸ ਨਾਲ ਉਮਰ ਦੇ ਹਰ ਵਰਗ ਨੂੰ ਬਹੁਤ ਫਾਇਦਾ ਹੋਇਆ ਹੈ ਜਿਵੇਂ ਕਿ ਵਿਦਿਆਰਥੀ ਨੂੰ ਪੜ੍ਹਾਈ (ਕਰੋਨਾ ਕਾਲ ਸਮੇਂ ਆਨ ਲਾਈਨ ਕਲਾਸਾਂ) ਨੌਕਰੀਆਂ ਲੱਭਣ ਲਈ, ਆਨ ਲਾਈਨ ਬੈਕਿੰਗ, ਔਰਤਾਂ ਸਿਲਾਈ ਕਢਾਈ, ਰੈਸਪੀ ਆਦਿ ਵੀ ਸਿੱਖ ਸਕਦੀਆਂ ਹਨ। ਇਨ੍ਹਾਂ ਸਾਰੀਆਂ ਸਹੂਲਤਾਂ ਦਾ ਫਾਇਦਾ ਲੈਂਦੇ-ਲੈਂਦੇ ਜ਼ਰੂਰੀ ਇਹ ਹੈ ਕਿ ਸਾਨੂੰ ਪਤਾ ਹੋਵੇ ਕਿ ਫੋਨ ਇੱਕ ਸੀਮਾਂ ਤੱਕ ਹੀ ਵਰਤਣਾ ਹੈ ਨਹੀਂ ਤਾਂ ਸਾਨੂੰ ਫੋਨ ਚਲਾਉਂਦੇ ਸਮੇਂ ਦਾ ਪਤਾ ਹੀ ਨਹੀਂ ਚੱਲਦਾ ਕਿ ਕਿੰਨੇ-ਕਿੰਨੇ ਘੰਟੇ ਅਸੀਂ ਇਸ 'ਤੇ ਹੀ ਬਤੀਤ ਕਰ ਦਿੰਦੇ ਹਾਂ। ਸੋਸ਼ਲ ਮੀਡੀਆ, ਮੋਬਾਇਲ 'ਤੇ ਗੇਮ ਖੇਡਣ, ਲੰਬੇ ਸਮੇਂ ਤੱਕ ਬਿਨ੍ਹਾਂ ਜ਼ਰੂਰਤ ਤੋਂ ਫੋਨ ਚਲਾਉਣ ਦੀ ਬਜਾਏ ਵਿਦਿਆਰਥੀ ਨੂੰ ਸਰੀਰਕ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਆਪਣੇ ਪਰਿਵਾਰ ਨਾਲ਼ ਸਮਾਂ ਬਤੀਤ ਕਰਨਾ ਚਾਹੀਦਾ ਹੈ, ਕਿਤਾਬਾਂ ਅਤੇ ਅਖ਼ਬਾਰ ਪੜ੍ਹਨ ਦੀ ਰੁੱਚੀ ਵਧਾਉਣੀ ਚਾਹੀਦੀ ਹੈ।

ਪਿਆਰੇ ਬੱਚਿਓ! ਜਿਵੇਂ ਕਿ ਆਪਾਂ ਸਭ ਨੂੰ ਪਤਾ ਹੈ ਕਿ Excess of Every thing is bad ਅਨੁਸਾਰ, ਲੋੜ ਤੋਂ ਜਿਆਦਾ ਫੋਨ ਵਰਤਣ 'ਤੇ ਵੀ ਨੁਕਸਾਨ ਹੁੰਦਾ ਹੈ। ਤੁਹਾਨੂੰ ਫੋਨ ਦੀ ਵਰਤੋਂ ਆਪਣੇ ਕੈਰੀਅਰ ਸਬੰਧੀ ਜਾਣਕਾਰੀ, ਨੌਕਰੀ ਲੱਭਣ ਲਈ, ਨਵੇਂ ਕੋਰਸਾਂ ਦੀ ਜਾਣਕਾਰੀ ਆਦਿ ਲਈ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਕਿਤਾਬਾਂ ਸਾਡੀਆਂ ਸੱਚੀਆਂ ਦੋਸਤ ਹਨ। ਸਾਨੂੰ ਵੱਧ ਤੋਂ ਵੱਧ ਕਿਤਾਬਾਂ ਦੀ ਆਦਤ ਪਾਉਣੀ ਚਾਹੀਦੀ ਹੈ।



**ਸਿਮਰਨਜੀਤ ਕੌਰ**
**ਵੋਕੇਸ਼ਨਲ ਮਿਸਟ੍ਰੈੱਸ**

## ਜ਼ਰਾ ਵਿਚਾਰੋ

ਪਿਆਰੇ ਵਿਦਿਆਰਥੀਓ!

- ਕੀ ਤੁਸੀਂ ਸਵੇਰੇ ਸਵੱਖਤੇ ਉਠਦੇ ਹੋ?
- ਕੀ ਤੁਸੀਂ ਹਰ ਰੋਜ਼ ਨਹਾ ਕੇ ਸਕੂਲ ਆਉਂਦੇ ਹੋ?
- ਕੀ ਤੁਹਾਨੂੰ ਸਕੂਲ ਜਾਣ ਦਾ ਚਾਅ ਹੁੰਦਾ ਹੈ?
- ਕੀ ਤੁਸੀਂ ਪੜ੍ਹਾਈ ਦੇ ਨਾਲ਼ ਹੋਰ ਗਤੀਵਿਧੀਆਂ ਵਿੱਚ ਵੀ ਭਾਗ ਲੈਂਦੇ ਹੋ?
- ਕੀ ਤੁਸੀਂ ਸਕੂਲੋਂ ਮਿਲਿਆ ਕੰਮ ਸਮੇਂ ਸਿਰ ਕਰ ਲੈਂਦੇ ਹੋ?
- ਕੀ ਤੁਸੀਂ ਚੀਜ਼ਾਂ ਨੂੰ ਵਰਤਣ ਤੋਂ ਬਾਅਦ ਸਹੀ ਜਗ੍ਹਾ 'ਤੇ ਰੱਖਦੇ ਹੋ?
- ਕੀ ਤੁਹਾਨੂੰ ਕਿਤਾਬਾਂ ਤੇ ਅਖ਼ਬਾਰ ਆਦਿ ਪੜ੍ਹਨੇ ਚੰਗੇ ਲੱਗਦੇ ਹਨ?
- ਕੀ ਤੁਸੀਂ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੀ ਆਗਿਆ ਦਾ ਪਾਲਣ ਕਰਦੇ ਹੋ?
- ਕੀ ਤੁਸੀਂ ਪੌਸ਼ਟਿਕ ਭੋਜਨ ਖਾਂਦੇ ਹੋ?
- ਕੀ ਤੁਸੀਂ ਰੋਜ਼ਾਨਾ ਸਰੀਰਕ ਕਸਰਤ ਕਰਦੇ ਹੋ?
- ਕੀ ਤੁਸੀਂ ਆਪਣੇ ਮਾਪਿਆਂ ਨਾਲ਼ ਕੰਮ ਵਿੱਚ ਹੱਥ ਵਟਾਉਂਦੇ ਹੋ?
- ਕੀ ਤੁਸੀਂ ਆਪਣੇ ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਦੀ ਕੋਸ਼ਸ਼ ਕਰਦੇ ਹੋ?

ਉਪਰੋਕਤ ਸਵਾਲਾਂ ਦੇ ਜਵਾਬ ਇਮਾਨਦਾਰੀ ਨਾਲ਼ ਦਿਓ। ਜੇਕਰ ਲਗਭਗ ਸਾਰੇ ਸਵਾਲਾਂ ਦੇ ਉੱਤਰ ਹਾਂ ਵਿੱਚ ਹਨ ਤਾਂ ਤੁਸੀਂ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੇ ਪਿਆਰੇ ਬੱਚੇ ਹੋ। ਤੁਸੀਂ ਜ਼ਿੰਦਗੀ ਵਿੱਚ ਹਰ ਮੁਕਾਮ ਉੱਤੇ ਮਾਣ ਅਤੇ ਸਫ਼ਲਤਾ ਪ੍ਰਾਪਤ ਕਰੋਗੇ। ਇਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਦਾ ਸਾਡੇ ਜੀਵਨ ਵਿੱਚ ਅਹਿਮ ਮਹੱਤਵ ਹੈ ਜਿਹਨਾਂ ਦੀ ਸਕਾਰਾਤਮਕਤਾ ਤੁਹਾਨੂੰ ਯਕੀਨਨ ਵੱਡੇ ਇਨਸਾਨ ਬਣਾ ਦੇਵੇਗੀ।

**ਸ਼ਸ਼ੀ**
**ਗ੍ਰਹਿ ਵਿਗਿਆਨ ਮਿਸਟ੍ਰੈਸ**

## ਜ਼ਿੰਦਗੀ

ਹਾਰਨਾ ਉਦੋਂ ਜ਼ਰੂਰੀ ਹੋ ਜਾਂਦਾ ਹੈ, ਜਦੋਂ ਲੜਾਈ ਆਪਣਿਆਂ ਨਾਲ਼ ਹੋਵੇ।
ਅਤੇ ਜਿੱਤਣਾ ਉਦੋਂ ਜਰੂਰੀ ਹੋ ਜਾਦਾਂ ਹੈ, ਜਦੋਂ ਲੜਾਈ ਆਪਣੇ ਆਪ ਨਾਲ਼ ਹੋਵੇ।
ਮੰਜ਼ਿਲ ਮਿਲੇ ਨਾ ਮਿਲੇ, ਇਹ ਤਾਂ ਕਿਸਮਤ ਦੀ ਗੱਲ ਹੈ,
ਅਸੀਂ ਕੋਸ਼ਸ਼ ਵੀ ਨਾ ਕਰੀਏ, ਏਹ ਵੀ ਗ਼ਲਤ ਗੱਲ ਹੈ।
ਕੱਲ੍ਹ ਇੱਕ ਝਲਕ ਜ਼ਿੰਦਗੀ ਨੂੰ ਵੇਖਿਆ, ਉਹ ਰਾਹਾਂ 'ਤੇ ਮੇਰੇ ਗੁਣਗੁਣਾ ਰਹੀ ਸੀ।
ਫਿਰ ਲੱਭਿਆ ਉਸਨੂੰ ਇੱਧਰ-ਉੱਧਰ, ਉਹ ਲੁਕਣਮੀਚੀ ਕਰ ਹੱਸ ਰਹੀ ਸੀ।
ਇੱਕ ਸਮੇਂ ਦੇ ਬਾਅਦ ਆਇਆ ਮੈਨੂੰ ਸਕੂਨ, ਅਸੀਂ ਦੋਨੋਂ ਕਿਉਂ ਹਾਂ ਗੁੱਸੇ ਇੱਕ ਦੂਸਰੇ ਤੋਂ?
ਮੈਂ ਉਸਨੂੰ ਅਤੇ ਉਹ ਮੈਨੂੰ ਸਮਝਾ ਰਹੀ ਸੀ।
ਮੈਂ ਪੁਛਿਆਂ ਕਿਉਂ ਮੈਨੂੰ ਐਨਾ ਦੁੱਖ ਦਿੱਤਾ ਤੂੰ?
ਉਹ ਹੱਸੀ ਅਤੇ ਬੋਲੀ, ਮੈਂ ਜ਼ਿੰਦਗੀ ਹਾਂ ਪਾਗਲ!
ਤੈਨੂੰ ਜੀਣਾ ਸਿਖਾ ਰਹੀ ਸੀ।

**ਗੁਰਅਮਾਨਤ ਕੌਰ**
**ਗਿਆਰਵੀਂ ਏ**

# ਟੌਪਰ

ਮੁਸ਼ਕਲਾਂ ਤੋਂ ਭੱਜ ਜਾਣਾ ਅਸਾਨ ਹੁੰਦਾ ਹੈ,
ਹਰ ਪਹਿਲੂ ਜ਼ਿੰਦਗੀ ਦਾ ਇਮਤਿਹਾਨ ਹੁੰਦਾ ਹੈ।
ਡਰਨ ਵਾਲ਼ਿਆਂ ਨੂੰ ਮਿਲਦਾ ਨਹੀਂ ਕੁਝ ਜ਼ਿੰਦਗੀ 'ਚੋਂ,
ਲੜਨ ਵਾਲ਼ਿਆਂ ਦੇ ਕਦਮਾਂ 'ਚ ਜ਼ਹਾਨ ਹੁੰਦਾ ਹੈ।

ਸੀ.ਬੀ.ਐੱਸ.ਈ ਨੇ 10ਵੀਂ ਜਮਾਤ ਦਾ ਨਤੀਜ਼ਾ ਐਲਾਨਿਆ ਸੀ।ਬੱਚਿਆਂ ਦੇ ਨਾਲ਼ ਮਾਪਿਆਂ ਅਤੇ ਅਧਿਆਪਕਾਂ 'ਚ ਵੀ ਉਤਸ਼ਾਹ ਦਾ ਮਹੌਲ ਸੀ।ਫਤਿਹ ਸਿੰਘ, ਇਵਾਨ ਸਿੰਘ, ਮਿਹਰ ਸਿੰਘ ਅਤੇ ਦੀਪੂ ਦੇ ਪੈਰ ਤਾਂ ਜ਼ਮੀਨ 'ਤੇ ਨਹੀਂ ਸਨ ਲੱਗ ਰਹੇ।ਉਹ ਤਿੰਨੋਂ ਸਕੂਲ 'ਚੋਂ ਮੋਹਰੀ ਰਹੇ ਸਨ।ਇਵਾਨ ਸਿੰਘ ਤਾਂ ਜ਼ਿਲ੍ਹੇ ਵਿੱਚੋਂ ਵੀ ਟੌਪਰ ਸੀ।ਦੀਪੂ ਦੇ ਅੰਕ ਇਨ੍ਹਾਂ ਨਾਲ਼ੋਂ ਕੁਝ ਘੱਟ ਸਨ।ਇਸ ਦਾ ਮਤਲਬ ਇਹ ਨਹੀਂ ਕਿ ਉਹ ਇਨ੍ਹਾਂ ਤੋ ਘੱਟ ਸੀ।ਪਰਿਵਾਰ ਦੀ ਆਰਥਿਕ ਸਥਿਤੀ ਮਾੜੀ ਹੋਣ ਕਾਰਨ ਉਹ ਉਨ੍ਹਾਂ ਵਾਂਗੂ ਟਿਊਸ਼ਨ ਵੀ ਨਹੀਂ ਸੀ ਜਾਂਦਾ ਅਤੇ ਘਰ ਦੇ ਵੀ ਕਈ ਕੰਮ ਉਸਦੇ ਜ਼ਿੰਮੇ ਸਨ।ਸਾਂਝੇ ਪਰਿਵਾਰ ਵਿੱਚ ਰਹਿਣ ਕਾਰਨ ਦਾਦਾ-ਦਾਦੀ ਦੇ ਚੰਗੇ ਸੰਸਕਾਰਾਂ ਦਾ ਪ੍ਰਭਾਵ ਵੀ ਦੀਪੂ ਦੀ ਸ਼ਖ਼ਸੀਅਤ ਉੱਤੇ ਪੈ ਰਿਹਾ ਸੀ।ਉਸਦੇ ਦਾਦਾ-ਦਾਦੀ ਸਮਝਾਉਂਦੇ ਕਿ ਮੁਕਾਬਲਾ ਖੁਦ ਨਾਲ਼ ਕਰੋ ਦੂਜਿਆਂ ਨਾਲ਼ ਨਹੀਂ।ਇਸੇ ਕਰਕੇ ਦੀਪੂ ਦੇ ਮਨ ਵਿੱਚ ਬਾਕੀਂ ਦੋਸਤਾਂ ਨਾਲ਼ੋ ਘੱਟ ਅੰਕ ਆਉਣ 'ਤੇ ਵੀ ਕੋਈ ਹੀਣ ਭਾਵ ਨਹੀਂ ਸਨ।

ਫਤਿਹ ਸਿੰਘ ਚਹਿਕ ਕੇ ਬੋਲਿਆਂ, "ਆਉਂਦੇ ਜਾਂਦੇ ਲੋਕ ਸਾਨੂੰ ਹੀ ਦੇਖ ਰਹੇ ਹਨ।" ਇਵਾਨ ਸਿੰਘ ਦਾ ਚਾਅ ਵੀ ਡੁੱਲ-ਡੁੱਲ ਪੈਂਦਾ ਸੀ,"ਲੈ ਹੁਣ ਦੇਖਣਗੇ ਹੀ , ਆਖਰਕਾਰ ਅਸੀਂ ਟੌਪਰ ਆਂ।" "ਟੀ.ਵੀ. ਚੈਨਲ ਵਾਲ਼ੇ ਵੀ ਰਸਤੇ ਵਿੱਚ ਹੋਣਗੇ।ਫਿਰ ਲੋਕ ਸਾਨੂੰ ਟੀ.ਵੀ. 'ਤੇ ਵੇਖਣਗੇ।" ਮਿਹਰ ਸਿੰਘ ਬੋਲਿਆ।

ਮਸਤੀ 'ਚ ਗੱਲਾਂ ਕਰਦੇ ਉਹ ਜਾ ਹੀ ਰਹੇ ਸਨ ਕਿ ਅਚਾਨਕ ਚਾਰਾਂ ਦੇ ਕਦਮ ਰੁਕ ਗਏ।ਇੱਕ ਪਾਸੇ ਇਮਾਰਤ ਦੀ ਤੀਜੀ ਮੰਜ਼ਲ ਵਿੱਚ ਅੱਗ ਲੱਗ ਗਈ ਸੀ।ਉਹ ਸ਼ੋਰ-ਸ਼ਰਾਬੇ ਅਤੇ ਭਗਦੜ ਦੀ ਦਿਸ਼ਾ ਵੱਲ ਚੱਲ ਪਏ।ਅੱਗ ਦਾ ਭਿਆਨਕ ਦ੍ਰਿਸ਼ ਵੇਖ ਕੇ ਉਨ੍ਹਾਂ ਦੇ ਹੋਸ਼ ਉੱਡ ਗਏ।ਉਸ ਮੰਜ਼ਲ ਉੱਪਰ ਦੋ ਬੱਚੇ ਅਤੇ ਇੱਕ ਬੁੱਢੀ ਔਰਤ ਮਦਦ ਲਈ ਪੁਕਾਰ ਰਹੇ ਸਨ।ਸਾਰੇ ਉਨ੍ਹਾਂ ਦੀਆਂ ਚੀਕਾਂ ਅਣਸੁਣੀ ਕਰ ਰਹੇ ਸਨ।ਪਰ ਦੀਪੂ ਦੀ ਬੇਚੈਨੀ ਵਧਦੀ ਗਈ।ਉਹ ਇੱਕ ਦੂਜੇ ਵੱਲ ਵੇਖਣ ਲੱਗੇ।ਦੀਪੂ ਨੇ ਮਹਿਸੂਸ ਕੀਤਾ ਕਿ ਦੁਖੀਆਂ ਦੀ ਜਾਨ ਬਚਾਉਣੀ ਚਾਹੀਦੀ ਹੈ ਪਰ ਉਸਦੇ ਦੋਸਤਾਂ ਨੇ ਕਿਹਾ, "ਦੀਪੂ! ਜੋਸ਼ ਵਿੱਚ ਆਉਣ ਦੀ ਜਰੂਰਤ ਨਹੀਂ।" ਦੀਪੂ ਨੂੰ ਆਪਣੇ ਦੋਸਤਾਂ 'ਤੇ ਮਾਣ ਸੀ ਕਿ ਉਹ ਉਸਦੇ ਨਾਲ਼ ਲੱਗ ਕੇ ਲੋੜਵੰਦਾਂ ਦੀ ਮਦਦ ਕਰਨਗੇ ਪਰ ਉਹ ਕਿਨਾਰਾ ਕਰ ਗਏ ਸਨ।ਉਸ ਨੇ ਜ਼ਿਆਦਾ ਸਮਾਂ ਖ਼ਰਾਬ ਨਾ ਕੀਤਾ ਅਤੇ ਇਮਾਰਤ ਦੀ ਪੌੜੀਆਂ ਵੱਲ ਗਿਆ ਅਤੇ ਨਿਡਰਤਾ ਨਾਲ਼ ਅੱਗ

ਵਿੱਚੋਂ ਤਿੰਨਾਂ ਨੂੰ ਸੁਰੱਖਿਅਤ ਕੱਢ ਲਿਆਇਆ। ਭਾਵੇਂ ਦੀਪੂ ਦੇ ਹੱਥ ਵੀ ਅੱਗ ਨਾਲ਼ ਝੁਲ਼ਸ ਗਏ ਸਨ।

ਬਾਅਦ ਵਿੱਚ ਬੱਚਿਆਂ ਦੇ ਮਾਪੇ ਅਤੇ ਫਾਇਰ ਬ੍ਰਿਗੇਡ ਵੀ ਪਹੁੰਚ ਗਈ। ਬਹੁਤ ਵੱਡੀ ਭੀੜ ਜੁੜ ਗਈ। ਹਰੇਕ ਚੈਨਲ ਵਾਲ਼ਾ ਇਸ ਘਟਨਾ ਨੂੰ ਲਾਇਵ ਟੈਲੀਕਾਸਟ ਕਰਨ ਲਈ ਕਾਹਲਾ ਸੀ। ਉਹ ਸਾਰੇ ਦੀਪੂ ਦੀ ਬਹਾਦੁਰੀ ਦੀ ਮਿਸਾਲ ਦਿੰਦੇ ਨਹੀਂ ਸਨ ਥੱਕਦੇ। ਉਸਨੂੰ ਕੋਈ ਸਪਾਇਡਰ ਮੈਨ, ਕੋਈ ਇਨਸਾਨੀਅਤ ਦਾ ਹੀਰੋ, ਕੋਈ ਫਰਿਸ਼ਤਾ ਅਤੇ ਕੋਈ ਮਸੀਹਾ ਕਹਿ ਰਿਹਾ ਸੀ। ਟੀ.ਵੀ. ਰਿਪੋਰਟ 'ਤੇ ਉਸਦੀ ਪ੍ਰਿੰਸੀਪਲ ਮੈਡਮ ਕਹਿ ਰਹੇ ਸਨ, "ਪ੍ਰਸ਼ਨਾਂ ਨੂੰ ਰੱਟੇ ਲਾ ਕੇ ਪ੍ਰੀਖਿਆ 'ਚ ਚੰਗੇ ਅੰਕ ਲੈਣ ਵਾਲ਼ੇ ਬਹੁਤ ਮਿਲ ਜਾਂਦੇ ਹਨ ਪਰ ਆਪਣੀ ਜਾਨ ਦੀ ਬਾਜੀ ਲਾ ਕੇ ਦੂਸਰਿਆਂ ਦੀ ਜਾਨ ਬਚਾਉਣ ਦੀ ਭਾਵਨਾ 'ਤੇ ਦਲੇਰੀ ਕਿਸੇ-ਕਿਸੇ 'ਚ ਹੁੰਦੀ ਹੈ। ਦੀਪੂ ਅੱਜ ਇਨਸਾਨੀਅਤ ਦੀ ਪ੍ਰੀਖਿਆ 'ਚ ਬੈਠ ਕੇ ਆਪਣੀ ਸੰਪੂਰਨ ਸ਼ਖ਼ਸੀਅਤ ਦੀ ਪਹਿਚਾਣ ਕਰਾ ਕੇ ਟੌਪ ਕਰ ਗਿਆ ਹੈ। ਅੱਜ ਸਮਾਜ ਅਤੇ ਦੇਸ ਨੂੰ ਸੌ ਪ੍ਰਤੀਸ਼ਤ ਅੰਕਾਂ ਵਾਲ਼ੇ ਬੱਚਿਆਂ ਦੀ ਲਿਸਟ ਦੀ ਜ਼ਰੂਰਤ ਨਹੀਂ ਸਗੋਂ ਹਿੰਮਤ, ਵਿਸ਼ਵਾਸ ਅਤੇ ਧੀਰਜ ਦੇ ਨਾਲ਼-ਨਾਲ਼ ਸੱਚ ਨੂੰ ਨਾਲ਼ ਲੈ ਕੇ ਅੱਗੇ ਵੱਧਣ ਵਾਲ਼ੇ ਬੱਚਿਆਂ ਦੀ ਲੋੜ ਹੈ।"

ਟੀ.ਵੀ. ਤੇ ਲਾਇਵ ਦੇਖ ਰਹੇ ਉਸਦੇ ਦੋਸਤ, ਦੀਪੂ ਦੇ ਸਾਹਮਣੇ ਆਪਣੇ ਆਪ ਨੂੰ ਬੌਣਾ ਮਹਿਸੂਸ ਕਰ ਰਹੇ ਸਨ।

**ਡਾ. ਗੁਰਦੀਪ ਕੌਰ**
**ਅੰਗਰੇਜ਼ੀ ਮਿਸਟ੍ਰੈੱਸ**

## ਪਿਤਾ

ਪਿਤਾ ਇੱਕ ਉਮੀਦ ਹੈ ਇੱਕ ਆਸ ਹੈ।
ਪਰਿਵਾਰ ਦੀ ਹਿੰਮਤ ਹੈ ਅਤੇ ਵਿਸ਼ਵਾਸ ਹੈ।
ਬਾਹਰ ਤੋਂ ਸਖ਼ਤ ਅਤੇ ਅੰਦਰ ਤੋਂ ਨਰਮ ਹੈ।
ਪਿਤਾ ਸੰਘਰਸ਼ ਦੀਆਂ ਹਨੇਰੀਆਂ ਵਿੱਚ,
ਹੌਂਸਲਿਆਂ ਦੀ ਦੀਵਾਰ ਹੈ।
ਪਰੇਸ਼ਾਨੀਆਂ ਨਾਲ਼ ਲੜਨ ਲਈ ਦੋ ਧਾਰੀ ਤਲਵਾਰ ਹੈ।
ਪਿਤਾ ਜ਼ਿੰਮੇਵਾਰੀਆਂ ਨਾਲ਼ ਭਰੀ ਗੱਡੀ ਦਾ ਸਾਰਥੀ ਹੈ।
ਸਭ ਨੂੰ ਬਰਾਬਰ ਦਾ ਹੱਕ ਦਿਵਾਉਂਦਾ ਇੱਕ ਸੰਘਰਸ਼ੀ ਹੈ।
ਸੁਪਨਿਆਂ ਨੂੰ ਪੂਰਾ ਕਰਨ ਵਿੱਚ ਲੱਗਣ ਵਾਲ਼ੀ ਜਾਨ ਹੈ।
ਪਿਤਾ ਨਾਲ਼ ਮਾਂ ਅਤੇ ਬੱਚਿਆਂ ਦੀ ਪਹਿਚਾਣ ਹੈ।
ਪਿਤਾ ਜ਼ਮੀਰ ਹੈ। ਪਿਤਾ ਜਾਗੀਰ ਹੈ।
ਜਿਸ ਦੇ ਕੋਲ਼ ਹੈ ਪਿਤਾ, ਉਹ ਸਭ ਤੋਂ ਅਮੀਰ ਹੈ।



**ਹਿਮਾਨੀ**
**ਬਾਰਵੀਂ ਆਈ**

## ਪ੍ਰਦੂਸ਼ਣ ਦੀ ਸਮੱਸਿਆ

ਅੱਜ ਦੇ ਯੁੱਗ ਵਿੱਚ ਪ੍ਰਦੂਸ਼ਣ ਬਹੁਤ ਵੱਧ ਰਿਹਾ ਹੈ। ਪ੍ਰਦੂਸ਼ਣ ਦੇ ਵਧਣ ਨਾਲ਼ ਬਹੁਤ ਲੋਕਾਂ ਨੂੰ ਬਿਮਾਰੀਆਂ ਵੀ ਹੋ ਰਹੀਆਂ ਹਨ। ਸਾਨੂੰ ਪ੍ਰਦੂਸ਼ਣ ਨਹੀਂ ਫੈਲਾਉਣਾ ਚਾਹੀਦਾ। ਬਹੁਤ ਸਾਰੇ ਬੱਚੇ, ਬਜ਼ੁਰਗ, ਨੌਜਵਾਨ ਬਿਮਾਰ ਹੁੰਦੇ ਹਨ। ਕਈ ਲੋਕ ਪਰਾਲ਼ੀ ਜਲ਼ਾਉਂਦੇ ਹਨ ਜਿਸ ਕਾਰਨ ਪ੍ਰਦੂਸ਼ਣ ਬਹੁਤ ਜਿਆਦਾ ਫੈਲਦਾ ਹੈ। ਬੱਚੇ, ਬਜ਼ੁਰਗ ਬਿਮਾਰ ਪੈ ਜਾਂਦੇ ਹਨ। ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਚਾਹੀਦੇ ਹਨ। ਰੁੱਖ ਲਗਾਉਣ ਕਾਰਨ ਸਾਡੇ ਭਾਰਤ ਵਿੱਚ ਹਰਿਆਲੀ ਵੀ ਵੱਧਦੀ ਹੈ, ਪ੍ਰਦੂਸ਼ਣ ਵੀ ਘਟਦਾ ਹੈ। ਰੁੱਖਾਂ ਤੋਂ ਬਿਨ੍ਹਾਂ ਸਾਡਾ ਜੀਵਨ ਅਸੰਭਵ ਹੈ। ਪ੍ਰਦੂਸ਼ਣ ਵਧਣ ਨਾਲ਼ ਸਾਡੇ ਭਾਰਤ ਵਿੱਚ ਬਹੁਤ ਸਾਰੀਆਂ ਇਹੋ-ਜਿਹੀਆਂ ਬਿਮਾਰੀਆਂ ਆਈਆਂ ਹਨ ਜੋ ਕਿ ਬਹੁਤ ਹੀ ਭਿਆਨਕ ਬਿਮਾਰੀਆਂ ਹਨ। ਬਹੁਤ ਸਾਰਾ ਪ੍ਰਦੂਸ਼ਣ ਪਰਾਲ਼ੀਆਂ ਜਾਲ਼ਨ ਕਾਰਨ ਫੈਲਦਾ ਹੈ। ਸਾਨੂੰ ਸਾਰਿਆਂ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਹੈ ਕਿ ਸਾਨੂੰ ਪ੍ਰਦੂਸ਼ਣ ਨਹੀਂ ਫੈਲਾਉਣਾ ਚਾਹੀਦਾ। ਨਾਲ਼ੀਆਂ ਦੇ ਗੰਦੇ ਪਾਣੀ ਕਾਰਨ ਮੱਛਰ ਬਹੁਤ ਜ਼ਿਆਦਾ ਹੁੰਦਾ ਹੈ ਜਿਸ ਕਾਰਨ ਡੇਂਗੂ ਦੀ ਬਿਮਾਰੀ ਹੋ ਜਾਂਦੀ ਹੈ। ਜਿਹੜੇ ਬਜ਼ੁਰਗਾਂ ਨੂੰ ਦਿਲ ਦੀ ਬਿਮਾਰੀ ਹੁੰਦੀ ਹੈ ਉਹਨਾਂ ਨੂੰ ਪ੍ਰਦੂਸ਼ਣ ਨਾਲ਼ ਖਾਂਸੀ ਅਤੇ ਸਾਹ ਲੈਣ ਦੇ ਵਿੱਚ ਬਹੁਤ ਮੁਸ਼ਕਲ ਆਉਂਦੀ ਹੈ। ਪਟਾਕਿਆਂ ਵਿੱਚੋਂ ਜਿਹੜਾ ਵੀ ਧੂੰਆਂ ਨਿਕਲਦਾ ਹੈ ਉਸ ਨਾਲ਼ ਪ੍ਰਦੂਸ਼ਣ ਸਾਡੇ ਦੇਸ ਵਿੱਚ ਬਹੁਤ ਜਿਆਦਾ ਫੈਲ ਗਿਆ ਹੈ। ਪ੍ਰਦੂਸ਼ਣ ਸਾਡੇ ਘਰਾਂ ਵਿੱਚ ਖੁਸ਼ੀਆਂ ਨੂੰ ਖਤਮ ਕਰਦਾ ਹੈ। ਸਾਨੂੰ ਪ੍ਰਦੂਸ਼ਣ ਖਤਮ ਕਰਨ ਲਈ ਕਈ ਕਦਮ ਚੁੱਕਣੇ ਚਾਹੀਦੇ ਹਨ।

**ਮਨਜੋਤ ਕੌਰ**
**ਦਸਵੀਂ ਬੀ**

## ਇੱਕ ਅਭੁੱਲ ਯਾਦ

ਸਾਡੇ ਸਕੂਲ ਵਿੱਚ ਬਹੁਤ ਸਾਰੇ ਅਧਿਆਪਕ ਹਨ। ਸਾਰੇ ਹੀ ਅਧਿਆਪਕ ਬਹੁਤ ਮਿਹਨਤੀ ਹਨ। ਪਰ ਬਲਵਿੰਦਰ ਕੌਰ ਮੇਰੇ ਮਨਭਾਉਂਦੇ ਅਧਿਆਪਕ ਹਨ। ਉਹ ਸਾਨੂੰ ਵਿਗਿਆਨ ਪੜ੍ਹਾਉਂਦੇ ਹਨ। ਉਹ ਬੜੀ ਲਗਨ ਅਤੇ ਮਿਹਨਤ ਨਾਲ਼ ਪੜ੍ਹਾਉਂਦੇ ਹਨ। ਉਹ ਸਾਨੂੰ ਪਿਆਰ ਕਰਦੇ ਹਨ ਪਰ ਜਦੋਂ ਅਸੀਂ ਨਹੀਂ ਪੜ੍ਹਦੇ ਤਾਂ ਗੁੱਸੇ ਵੀ ਹੁੰਦੇ ਹਨ। ਇੱਕ ਵਾਰ ਦੁਮਾਹੀ ਪ੍ਰੀਖਿਆ ਵਿੱਚ ਕਈ ਬੱਚਿਆਂ ਵਾਂਗ ਮੇਰੇ ਅੰਕ ਵੀ ਘੱਟ ਆਏ। ਮੈਡਮ ਤੋਂ ਮੈਨੂੰ ਪਹਿਲੀ ਵਾਰ ਮਾਰ ਪਈ। ਕਾਫ਼ੀ ਦੇਰ ਮੈਂ ਰੋਂਦੀ ਰਹੀ। ਮੈਨੂੰ ਇਸ ਗੱਲ ਦਾ ਵੀ ਦੁੱਖ ਸੀ ਕਿ ਮੇਰੇ ਅੰਕ ਘੱਟ ਆਏ। ਮੈਡਮ ਨੂੰ ਵੀ ਅਹਿਸਾਸ ਹੋ ਰਿਹਾ ਸੀ ਕਿ ਮੇਰੇ ਹਮੇਸ਼ਾ ਚੰਗੇ ਅੰਕ ਆਉਂਦੇ ਹਨ ਪਰ ਅੱਜ ਮਾਰ ਪੈ ਗਈ। ਮੈਡਮ ਪਲ਼ੋਸ-ਪਲ਼ੋਸ ਮੈਨੂੰ ਪਿਆਰ ਕਰ ਰਹੇ ਸਨ। ਮੈਨੂੰ ਚੁੱਪ ਕਰਾਉਣ ਲਈ ਉਨ੍ਹਾਂ ਨੇ ਇੱਕ ਗੀਤ ਸੁਣਾਇਆ ਜੋ ਮੈਨੂੰ ਬਹੁਤ ਚੰਗਾ ਲੱਗਾ। ਮੈਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਨੇ ਮੈਨੂੰ ਚੰਗੇ ਲਈ ਹੀ ਮਾਰਿਆ ਸੀ। ਮੈਨੂੰ ਇਹਨਾਂ 'ਤੇ ਮਾਣ ਹੈ। ਅਜਿਹੇ ਅਧਿਆਪਕ ਹਰ ਸਕੂਲ ਵਿੱਚ ਹੋਣ।

**ਅੰਮ੍ਰਿਤਾ ਕੁਮਾਰੀ**
**ਦਸਵੀਂ ਈ**

# ਵਿਦੇਸ਼ਾਂ ਨੂੰ ਜਾਣ ਦਾ ਰੁਝਾਨ

ਵੈਸੇ ਤਾਂ ਪਰਵਾਸ ਦਾ ਰੁਝਾਨ ਸਦੀਆਂ ਪੁਰਾਣਾ ਹੈ। ਮਨੁੱਖ ਆਪਣੇ ਜੀਵਨ ਦੀ ਖੁਸ਼ਹਾਲੀ ਲਈ ਇੱਕ ਥਾਂ ਤੋਂ ਦੂਜੀ ਥਾਂ ਜਾਂਦਾ ਰਹਿੰਦਾ ਹੈ। ਪਰ 2000 ਈਸਵੀ ਤੋਂ ਬਾਅਦ ਪਰਵਾਸ ਦਾ ਰੁਝਾਨ ਕੁਝ ਜਿਆਦਾ ਹੀ ਵੱਧ ਗਿਆ ਹੈ। ਵਿਗਿਆਨੀਆਂ ਦੁਆਰਾ ਇੰਟਰਨੈੱਟ ਦੀ ਖੋਜ ਕੀਤੀ ਗਈ। ਜਿਸ ਕਾਰਨ ਬਹੁਤ ਸਾਰੇ ਲੋਕ ਇਸ ਇੰਟਰਨੈੱਟ ਨਾਲ਼ ਜੁੜੇ। ਉਹਨਾਂ ਨੂੰ ਇੰਟਰਨੈੱਟ ਦੁਆਰਾ ਵਿਦੇਸ਼ਾਂ ਬਾਰੇ ਬਹੁਤ ਸਾਰੀ ਜਾਣਕਾਰੀ ਪਤਾ ਲੱਗਦੀ ਹੈ। ਜਿਵੇਂ ਕਿ ਉੱਥੇ ਸਾਫ਼-ਸਫ਼ਾਈ, ਰੋਜ਼ਗਾਰ ਦੇ ਵਧੀਆ ਸਾਧਨ ਆਦਿ ਬਾਰੇ ਜਾਣਕਾਰੀ ਮਿਲਦੀ ਹੈ। ਵਿਦਿਆਰਥੀ ਆਪਣੀ ਪੜ੍ਹਾਈ ਦਾ ਮੁੱਲ ਪਾਉਣ ਲਈ ਵਿਦੇਸ਼ਾਂ ਵਿੱਚ ਜਾਂਦੇ ਹਨ। ਉੱਥੇ ਜਾ ਕੇ ਵਧੀਆ ਪੜ੍ਹਾਈਆਂ, ਕਾਰੋਬਾਰ, ਨੌਕਰੀਆਂ ਆਦਿ ਕਰਕੇ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਉਂਦੇ ਹਨ। ਕਈ ਵਿਦਿਆਰਥੀ ਜਾਂ ਬੱਚੇ ਉੱਥੇ ਜਾ ਕੇ ਜ਼ੀਰੋ ਤੋਂ ਹੀਰੋ ਬਣ ਜਾਦੇ ਹਨ। ਉਹਨਾਂ ਦੀ ਤਰੱਕੀ ਨੂੰ ਦੇਖ ਕੇ ਉਹਨਾਂ ਦੇ ਰਿਸ਼ਤੇਦਾਰ, ਆਲ਼ੇ-ਦੁਆਲ਼ੇ ਦੇ ਲੋਕ ਪਿੰਡਾਂ ਅਤੇ ਸ਼ਹਿਰਾਂ ਤੋਂ ਲੋਕ ਉੱਥੇ ਜਾਣ ਲਈ ਤਿਆਰ ਹੁੰਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਉਹ ਵੀ ਉੱਥੇ ਜਾ ਕੇ ਆਪਣੇ ਜੀਵਨ ਨੂੰ ਖੁਸ਼ਹਾਲ ਬਣਾ ਸਕਦੇ ਹਨ, ਉਹ ਵੀ ਆਪਣੇ ਸੁਪਨਿਆਂ ਨੂੰ ਸਾਕਾਰ (ਪੂਰਾ) ਕਰ ਸਕਦੇ ਹਨ। ਇਸ 'ਤੇ ਤਾਂ ਇਹ ਕਹਾਵਤ ਲੱਗਦੀ ਹੈ : ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫੜਦਾ ਹੈ। ਭਾਰਤ ਵਿੱਚ ਵਧਦੀ ਅਬਾਦੀ, ਹੱਦੋਂ ਵੱਧ ਭ੍ਰਿਸ਼ਟਾਚਾਰ, ਅੰਧ-ਵਿਸ਼ਵਾਸ ਅਤੇ ਧਾਰਮਿਕ ਫਿਰਕੂਵਾਦ ਆਦਿ ਵੱਡੇ ਕਾਰਨ ਹਨ ਜਿਨ੍ਹਾਂ ਕਰਕੇ ਲੋਕ ਸਾਡੇ ਦੇਸ ਨੂੰ ਛੱਡ ਕੇ ਵਿਦੇਸ਼ਾਂ ਦਾ ਰਾਹ ਫੜ ਰਹੇ ਹਨ ਪਰ ਉਹਨਾਂ ਨੂੰ ਉੱਥੇ ਜਾ ਕੇ ਬਹੁਤ ਸਾਰੀਆਂ ਮੁਸੀਬਤਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਬੱਚਿਆਂ ਦੇ ਮਾਤਾ-ਪਿਤਾ ਨੂੰ ਮਜ਼ਬੂਰ ਹੋ ਕੇ ਉਹਨਾਂ ਨੂੰ ਵਿਦੇਸ਼ਾਂ ਵਿੱਚ ਭੇਜਣਾ ਪੈਂਦਾ ਹੈ ਤਾਂ ਜੋ ਉਹ ਆਪਣਾ ਜੀਵਨ ਖੁਸ਼ਹਾਲ ਬਣਾ ਸਕਣ। ਬੱਚਿਆਂ ਦੇ ਮਾਤਾ-ਪਿਤਾ ਨੂੰ ਬਹੁਤ ਸਾਰੇ ਕਰਜ਼ੇ, ਜ਼ਮੀਨ ਵੇਚਣੀ, ਗਹਿਣੇ ਗਿਰਵੀ ਰੱਖਣੇ ਆਦਿ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਜੇਕਰ ਸਾਡੇ ਦੇਸ ਦੀ ਸਰਕਾਰ ਮਿਹਨਤੀ ਬੱਚਿਆਂ ਨੂੰ ਰੋਜ਼ਗਾਰ ਦੇ ਵਧੀਆ ਸਾਧਨ ਦੇਵੇ ਤਾਂ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਨਾ ਜਾਣਾ ਪਵੇ। ਉਹ ਆਪਣੇ ਮਾਤਾ-ਪਿਤਾ ਤੋਂ ਨਾ ਦੂਰ ਹੋਣ। ਜਿਸ ਨਾਲ਼ ਸਾਡੇ ਦੇਸ ਦੀ ਵੀ ਤਰੱਕੀ ਹੋਵੇ।

**ਵੀਰਪਾਲ ਕੌਰ**
**ਬਾਰਵੀਂ ਐੱਚ**

## ਦੋਸਤ

ਜੀਵਨ ਬੜਾ ਵਿਸ਼ਾਲ ਹੈ। ਜੀਵਨ ਵਿੱਚ ਕਈ ਤਰ੍ਹਾਂ ਦੇ ਦੁੱਖ-ਸੁੱਖ ਦੇ ਮੌਕੇ ਆਉਂਦੇ ਹਨ। ਸਾਨੂੰ ਦੁੱਖ-ਸੁੱਖ ਸਾਂਝਾ ਕਰਨ ਲਈ ਇੱਕ ਦੋਸਤ ਜਰੂਰ ਬਣਾਉਣਾ ਚਾਹੀਦਾ ਹੈ। ਦੋਸਤੀ ਵੀ ਸਾਡੇ ਜੀਵਨ ਦਾ ਇੱਕ ਹਿੱਸਾ ਹੈ। ਚੰਗੇ ਦੋਸਤ ਸਾਨੂੰ ਚੰਗੇ ਰਾਹਾਂ 'ਤੇ ਪਾਉਂਦੇ ਹਨ। ਦੋਸਤ ਸਾਨੂੰ ਬੁਰੀਆਂ-ਚੰਗੀਆਂ ਗੱਲਾਂ ਨੂੰ ਸਮਝਣ ਵਿੱਚ ਵੀ ਮਦਦ ਕਰਦੇ ਹਨ। ਮੈਨੂੰ ਤਾਂ ਲੱਗਦਾ ਹੈ ਜੇਕਰ ਜ਼ਿੰਦਗੀ ਵਿੱਚ ਇੱਕ ਦੋਸਤ ਨਹੀਂ ਤਾਂ ਜ਼ਿੰਦਗੀ ਜਿਉਣ ਦਾ ਸਵਾਦ ਹੀ ਨਹੀਂ ਕਿਉਂਕਿ ਇੱਕ ਚੰਗਾ ਦੋਸਤ ਹੀ ਸਾਡੀਆਂ ਔਖੀਆਂ ਘੜੀਆਂ ਵਿੱਚ ਨਾਲ਼ ਖੜ੍ਹਦਾ ਹੈ ਅਤੇ ਸਾਡੀ ਜ਼ਿੰਦਗੀ ਸੁਆਰ ਦਿੰਦਾ ਹੈ। ਦੋਸਤ ਨਾਲ਼ ਅਸੀਂ ਆਪਣੀਆਂ ਗੱਲਾਂ-ਬਾਤਾਂ ਜਿਆਦਾ ਵੰਡ ਸਕਦੇ ਹਾਂ। ਜ਼ਿੰਦਗੀ ਵਿੱਚ ਇੱਕ ਦੋਸਤ ਤਾਂ ਹੋਣਾ ਹੀ ਚਾਹੀਦਾ ਹੈ। ਦੋਸਤ ਹੋਣਾ ਇੱਕ ਚੰਗੀ ਗੱਲ ਹੈ। ਦੋਸਤ ਸਾਡੀ ਹਰ ਘੜੀ ਵਿੱਚ ਸਾਥ ਦਿੰਦਾ ਹੈ। ਖੁਸ਼ੀ ਦੇ ਮੌਕੇ ਦੋਸਤ ਨਾਲ਼, ਦੁੱਖ ਦੇ ਮੌਕੇ ਦੋਸਤ ਨਾਲ਼ ਸਾਂਝੇ ਕਰਕੇ ਮਨ ਨੂੰ ਸ਼ਾਂਤੀ ਜਿਹੀ ਮਿਲ ਜਾਂਦੀ ਹੈ। ਮੇਰੇ ਕੋਲ਼ ਵੀ ਇੱਕ ਹੈ ਚੰਗੀ ਦੋਸਤ ਉਹ ਹੈ ਤਾਂ ਸ਼ਰਾਰਤੀ ਜਿਹੀ, ਮੇਰੇ ਵਰਗੀ ਹੀ ਮੰਨ ਸਕਦੇ ਹਾਂ ਕਿਉਂਕਿ ਸਾਡੀ ਸੋਚ ਜਿਆਦਾਤਰ ਮਿਲਦੀ ਜਿਹੀ ਹੈ। ਅਸੀਂ ਲਗਭਗ 6-7 ਸਾਲਾਂ ਤੋਂ ਇਕੱਠੇ ਹਾਂ। ਜਿਸ ਦਿਨ ਉਹ ਸਕੂਲ ਨਹੀਂ ਆਉਂਦੀ ਉਹਦੇ ਬਿਨ੍ਹਾਂ ਮੇਰਾ ਦਿਲ ਨਹੀਂ ਲੱਗਦਾ। ਮੇਰੇ ਲਈ ਤਾਂ ਉਹ ਇੱਕ ਕੀਮਤੀ ਖਜ਼ਾਨੇ ਵਾਂਗ ਹੈ। ਅਸੀਂ ਦੋਵੇਂ ਇਕੱਠੇ ਬਹੁਤ ਖੁਸ਼ ਰਹਿੰਦੇ ਹਾਂ। ਇੱਕ ਗੱਲ ਹੈ, ਉਹ ਭਾਵੇਂ ਨਿੱਕੀ ਜਿਹੀ ਹੈ ਪਰ ਦਿਮਾਗ ਉਸਦਾ ਉਸਦੇ ਕੱਦ ਤੋਂ ਵੀ ਵੱਡਾ ਹੈ। ਮੈਨੂੰ ਉਹ ਹੱਸਦੀ ਹੀ ਚੰਗੀ ਲੱਗਦੀ ਹੈ। ਉਹਦਾ ਨਾਂ ਖੁਸ਼ਪ੍ਰੀਤ ਹੈ। ਮੈਂ ਦੱਸ ਨਹੀਂ ਸਕਦੀ ਉਹ ਮੈਨੂੰ ਕਿੰਨੀ ਪਿਆਰੀ ਹੈ। ਉਹ ਮੇਰੀ ਬਹੁਤ ਚੰਗੀ ਦੋਸਤ ਹੈ। ਕਾਮਨਾ ਹੈ ਕਿ ਅਜਿਹਾ ਦੋਸਤ ਹਰ ਕਿਸੇ ਨੂੰ ਮਿਲੇ।



**ਮਨਜੋਤ ਕੌਰ**
**ਦਸਵੀਂ ਈ**

# ਸਕੂਲ ਵਿੱਚ ਮੇਰਾ ਪਹਿਲਾ ਦਿਨ

ਮੈਂ ਭਾਈ ਕਾਹਨ ਸਿੰਘ ਨਾਭਾ ਪੀ.ਐਮ.ਸ੍ਰੀ.ਸ.ਸ.ਸ.ਸ. (ਲੜਕੀਆਂ) ਨਾਭਾ ਵਿਖੇ ਇਸੇ ਸੈਸ਼ਨ ਦੇ ਸ਼ੁਰੂ ਵਿੱਚ ਨੌਵੀਂ ਜਮਾਤ ਵਿੱਚ ਦਾਖ਼ਲਾ ਲਿਆ। ਸਕੂਲ ਵਿੱਚ ਆਉਣ ਲਈ ਮੈਂ ਪਹਿਲੇ ਦਿਨ ਬਹੁਤ ਹੀ ਉਤਸੁਕ ਸੀ ਤੇ ਮਨ ਵਿੱਚ ਇੱਕ ਡਰ ਵੀ ਸੀ ਕਿ ਪਤਾ ਨਹੀਂ ਨਵਾਂ ਸਕੂਲ, ਸਕੂਲ ਦੇ ਬੱਚੇ ਅਤੇ ਅਧਿਆਪਕ ਕਿਸ ਤਰ੍ਹਾਂ ਦੇ ਹੋਣਗੇ? ਰਾਹ ਵਿੱਚ ਆਉਂਦਿਆਂ ਕਈ ਤਰ੍ਹਾਂ ਦੇ ਖਿਆਲ ਮੇਰੇ ਮਨ ਵਿੱਚ ਆ ਰਹੇ ਸਨ। ਜਦੋਂ ਮੈਂ ਸਕੂਲ ਦੇ ਗੇਟ ਵੜਦਿਆਂ ਅੰਦਰ ਦਾਖ਼ਲ ਹੋਈ ਤਾਂ ਮਨ ਬਹੁਤ ਪ੍ਰਸੰਨ ਹੋਇਆ। ਸਕੂਲ ਦੀਆਂ ਵੱਡੀਆਂ ਤੇ ਸੋਹਣੀਆ ਇਮਾਰਤਾਂ, ਹਰੇ-ਭਰੇ ਰੁੱਖ ਅਤੇ ਖਿੜੇ ਹੋਏ ਫੁੱਲਾਂ ਨੇ ਮੇਰਾ ਮਨ ਮੋਹ ਲਿਆ। ਜਾਣੂ ਬੱਚਿਆਂ ਨੇ ਮੈਨੂੰ ਸਕੂਲ ਦੇ ਖੇਡ ਮੈਦਾਨ ਅਤੇ ਸਾਰੀਆਂ ਥਾਵਾਂ ਦਿਖਾਈਆਂ। ਸਵੇਰ ਦੀ ਸਭਾ ਮੈਨੂੰ ਬਹੁਤ ਵਧੀਆ ਲੱਗੀ। ਜਿਸ ਵਿੱਚ ਵੱਡੀ ਗਿਣਤੀ ਵਿੱਚ ਕੁੜੀਆਂ ਦੀ ਹਾਜ਼ਰੀ ਸੀ। ਮੈਨੂੰ ਪਤਾ ਲੱਗਾ ਕਿ ਸਕੂਲ ਵਿੱਚ 1700 ਤੋਂ ਵੱਧ ਕੁੜੀਆਂ ਪੜ੍ਹਦੀਆਂ ਹਨ। ਹਰ ਪਾਸੇ ਚਹਿਲ-ਪਹਿਲ ਸੀ। ਸਕੂਲ ਦੀਆਂ ਪ੍ਰਾਪਤੀਆਂ ਦੇਖ ਕੇ ਮੈਂ ਬਹੁਤ ਖੁਸ਼ ਹੋਈ। ਨਵਾਂ ਸਕੂਲ, ਨਵੀਂ ਜਮਾਤ, ਨਵੀਆਂ ਕਿਤਾਬਾਂ ਅਤੇ ਨਵੀਆਂ ਸਹੇਲੀਆਂ- ਮੇਰਾ ਤਾਂ ਮਨ ਬਾਗੋ-ਬਾਗ ਸੀ। ਅਧਿਆਪਕ ਬੜੇ ਪਿਆਰ ਨਾਲ਼ ਪੇਸ਼ ਆਏ। ਸਾਰੇ ਅਧਿਆਪਕ ਬਹੁਤ ਵਧੀਆ ਅਤੇ ਮਿਹਨਤੀ ਹਨ, ਜਿਨ੍ਹਾਂ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ। ਪਹਿਲੇ ਦਿਨ ਹੀ ਮੈਂ ਆਪਣੇ ਦਿਲ 'ਚ ਕਈ ਵੱਡੇ ਸੁਪਨੇ ਸਜਾਏ। ਮੈਂ ਕਾਮਨਾ ਕਰਦੀ ਹਾਂ ਕਿ ਇਹ ਸ਼ਾਨਦਾਰ ਸਕੂਲ ਹੋਰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।

**ਖੁਸ਼ਪ੍ਰੀਤ ਕੌਰ**
**ਦਸਵੀਂ ਈ**

# ਦੋਸਤੀ

'ਦੋਸਤ' ਸ਼ਬਦ ਦੋ ਸ਼ਬਦਾਂ 'ਦੋ' ਅਤੇ 'ਸੱਤ' ਦੇ ਸੰਯੋਗ ਤੋਂ ਬਣਿਆ ਹੈ। ਦੋ ਦਾ ਮਤਲਬ ਹੈ ਦੋ ਅਤੇ ਸਤ ਦਾ ਮਤਲਬ ਹੈ ਸੱਚ। ਜਦੋਂ ਦੋ ਵਿਅਕਤੀ ਆਪਸ ਵਿੱਚ ਇਮਾਨਦਾਰੀ ਅਤੇ ਸਚਾਈ ਨਾਲ਼ ਵਿਚਰਦੇ ਹਨ ਅਤੇ ਕੁਝ ਵੀ ਆਪਸ ਵਿੱਚ ਨਹੀਂ ਲੁਕਾਉਂਦੇ ਤਾਂ ਉਨ੍ਹਾਂ ਦੀ ਦੋਸਤੀ ਪੈ ਜਾਂਦੀ ਹੈ। ਦੋਸਤ ਜ਼ਿੰਦਗੀ ਦੇ ਅਹਿਮ ਭਾਗ ਹੁੰਦੇ ਹਨ। ਉਹ ਸਾਨੂੰ ਹੱਸਣਾ, ਖੇਡਣਾ, ਪੜ੍ਹਨਾ ਬਹੁਤ ਕੁਝ ਸਿਖਾਉਂਦੇ ਹਨ। ਉਹ ਸਾਨੂੰ ਚੰਗੀਆਂ ਬੁਰੀਆ ਆਦਤਾਂ ਵੀ ਪਾਉਂਦੇ ਹਨ। ਜੇਕਰ ਜ਼ਿੰਦਗੀ ਵਿੱਚ ਇੱਕ ਚੰਗਾ ਦੋਸਤ ਮਿਲ ਜਾਵੇ ਤਾਂ ਜ਼ਿੰਦਗੀ ਸਫ਼ਲ ਹੋ ਜਾਂਦੀ ਹੈ। ਇੱਕ ਸੱਚਾ ਮਿੱਤਰ ਸਾਡੀ ਸਫ਼ਲਤਾ ਦੀ ਕੁੰਜੀ ਹੁੰਦਾ ਹੈ। ਜਿਸ ਕੁੰਜੀ ਨਾਲ਼ ਅਸੀਂ ਆਪਣੇ ਸੁਫ਼ਨਿਆਂ ਦਾ ਤਾਲ਼ਾ ਖੋਲ੍ਹ ਸਕਦੇ ਹਾਂ। ਅਸੀਂ ਆਪਣੇ ਦੋਸਤ ਨਾਲ਼ ਆਪਣੀਆਂ ਚੰਗੀਆਂ-ਮਾੜੀਆਂ ਗੱਲਾਂ ਸਾਂਝੀਆਂ ਕਰਦੇ ਹਾਂ। ਇੱਕ ਸੱਚੇ ਮਿੱਤਰ ਨੂੰ ਸਾਡੇ ਸਾਰੇ ਗੁਣਾਂ ਅਤੇ ਔਗੁਣਾਂ ਬਾਰੇ ਪਤਾ ਹੁੰਦਾ ਹੈ। ਸੱਚਾ ਮਿੱਤਰ ਉਹ ਹੁੰਦਾ ਹੈ ਜੋ ਹਮੇਸ਼ਾ ਦੁੱਖ ਵੇਲ਼ੇ ਨਾਲ਼ ਖੜ੍ਹਾ ਹੋਵੇ। ਸਾਡੀ ਮੁਸ਼ਕਲ ਨੂੰ ਉਹ ਆਪਣੀ ਮੁਸ਼ਕਲ ਸਮਝੇ, ਸੱਚੇ ਮਿੱਤਰ ਦੀ ਇਹੋ ਪਛਾਣ ਹੁੰਦੀ ਹੈ। ਸਿਆਣੇ ਕਹਿੰਦੇ ਹਨ ਇੱਕ ਚੰਗਾ ਦੋਸਤ ਲਾਇਬ੍ਰੇਰੀ ਜਿਹਾ ਹੁੰਦਾ ਹੈ।

**ਅਨੰਦੀ**
**ਦਸਵੀਂ ਈ**

## ਪ੍ਰਦੂਸ਼ਣ

ਵਾਤਾਵਰਨ ਦਾ ਪ੍ਰਦੂਸ਼ਣ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਕਾਰਖਾਨਿਆਂ ਅਤੇ ਵਾਹਨਾਂ ਦਾ ਧੂੰਆਂ ਬਹੁਤ ਵਧ ਗਿਆ ਹੈ। ਇਸ ਨਾਲ਼ ਹਵਾ ਦਾ ਪ੍ਰਦੂਸ਼ਣ ਹੁੰਦਾ ਹੈ। ਜਿਸ ਕਰਕੇ ਫੇਫੜਿਆਂ ਅਤੇ ਚਮੜੀ ਦੇ ਰੋਗ ਲੱਗਦੇ ਹਨ। ਰੁੱਖ ਘਟਣ ਕਰਕੇ ਆਕਸੀਜਨ ਦੀ ਕਮੀ ਹੋ ਗਈ ਹੈ ਜੋ ਕਿ ਸਾਡੇ ਸਾਹ ਲੈਣ ਲਈ ਬਹੁਤ ਜ਼ਰੂਰੀ ਹੈ। ਖੇਤਾਂ ਵਿੱਚ ਵਰਤੇ ਜਾਂਦੇ ਰਸਾਇਣਿਕ ਪਦਾਰਥ ਅਤੇ ਫੈਕਟਰੀਆਂ ਦੇ ਗੰਦੇ ਪਾਣੀ ਨਾਲ਼ ਵੀ ਪ੍ਰਦੂਸ਼ਣ ਹੋ ਰਿਹਾ ਹੈ। ਜ਼ਹਿਰੀਲੇ ਪਾਣੀ ਨਾਲ਼ ਸਾਨੂੰ ਕਈ ਤਰ੍ਹਾਂ ਦੇ ਰੋਗ ਲੱਗਦੇ ਹਨ। ਲੋਕ ਪਲਾਸਟਿਕ ਦੇ ਲਿਫ਼ਾਫ਼ਿਆਂ ਨੂੰ ਇੱਧਰ-ਉੱਧਰ ਸੁੱਟ ਦਿੰਦੇ ਹਨ ਜੋ ਕਿ ਪਾਣੀ ਅਤੇ ਮਿੱਟੀ ਨੂੰ ਪ੍ਰਦੂਸ਼ਿਤ ਕਰਦੇ ਹਨ। ਹਵਾ ਤੇ ਪਾਣੀ ਪ੍ਰਦੂਸ਼ਣ ਤੋਂ ਬਿਨ੍ਹਾਂ ਮਿੱਟੀ ਅਤੇ ਸ਼ੋਰ ਪ੍ਰਦੂਸ਼ਣ ਵੀ ਬਹੁਤ ਖਤਰਨਾਕ ਹਨ। ਫੈਕਟਰੀਆਂ ਦੀਆਂ ਅਵਾਜਾਂ, ਮੋਟਰ ਗੱਡੀਆਂ ਦੇ ਹਾਰਨਾਂ ਅਤੇ ਧਾਰਮਿਕ ਸਥਾਨਾਂ ਤੇ ਚੱਲਦੇ ਕੰਨ ਪਾੜਵੇਂ ਸਪੀਕਰਾਂ ਕਰਕੇ ਸ਼ੋਰ ਪ੍ਰਦੂਸ਼ਣ ਬਹੁਤ ਖਤਰਨਾਕ ਹੋ ਗਿਆ ਹੈ। ਵਾਤਾਵਰਨ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ। ਸਕੂਟਰ, ਗੱਡੀਆਂ ਦੀ ਥਾਂ ਸਾਇਕਲ ਤੇ ਜਾਂ ਪੈਦਲ ਤੁਰਨ ਨੂੰ ਪਹਿਲ ਕਰਨੀ ਚਾਹੀਦੀ ਹੈ। ਇਸ ਨਾਲ਼ ਸਾਡੀ ਸਿਹਤ ਵੀ ਠੀਕ ਰਹੇਗੀ। ਧੂੰਏ ਵਾਲ਼ੇ ਵਾਹਨ ਅਤੇ ਫੈਕਟਰੀਆਂ ਬੰਦ ਕਰਨੀਆਂ ਚਾਹੀਦੀਆਂ ਹਨ।

**ਵਾਣੀ**
**ਛੇਵੀਂ ੲੇ**

## ਮਿੱਟੀ

ਮਿੱਟੀ ਨੂੰ ਅਸੀਂ ਮਾਂ ਇਸ ਲਈ ਕਹਿੰਦੇ ਹਾਂ ਕਿਉਂਕਿ ਮਿੱਟੀ ਹੀ ਸਾਡੇ ਅਨਾਜ, ਫ਼ਲਾਂ, ਸਬਜ਼ੀਆਂ ਸਭ ਦੀ ਜਣਨੀ ਹੈ। ਸਭ ਰੁੱਖ ਜੀਵ-ਜੰਤੂ ਮਿੱਟੀ ਵਿੱਚ ਹੀ ਪੈਦਾ ਹੁੰਦੇ ਹਨ। ਮਿੱਟੀ ਨਾਲ਼ ਹੀ ਅਸੀਂ ਆਪਣੇ ਘਰ ਬਣਾਉਂਦੇ ਹਾਂ। ਮਾਤ ਭੂਮੀ ਦੀ ਮਿੱਟੀ ਸਾਨੂੰ ਬੇਹੱਦ ਪਿਆਰੀ ਹੁੰਦੀ ਹੈ, ਜਿਸਦਾ ਮੋਹ ਜ਼ਿੰਦਗੀ ਭਰ ਸਾਡੇ ਦਿਲ ਵਿੱਚ ਰਹਿੰਦਾ ਹੈ। ਸਰਹੱਦਾਂ ਉੱਤੇ ਜਵਾਨ ਆਪਣੀ ਮਿੱਟੀ ਦੀ ਰਾਖੀ ਲਈ ਦਿਨ-ਰਾਤ ਪਹਿਰਾ ਦਿੰਦੇ ਹਨ ਅਤੇ ਇਸਦੀ ਰਾਖੀ ਲਈ ਸ਼ਹੀਦ ਹੋ ਜਾਂਦੇ ਹਨ। ਆਪਣੀ ਮਿੱਟੀ ਨਾਲ਼ ਮੋਹ ਸਾਨੂੰ ਇਸ ਕਰਕੇ ਵੀ ਹੁੰਦਾ ਹੈ ਕਿ ਅਸੀਂ ਬਚਪਨ ਤੋਂ ਮਿੱਟੀ ਵਿੱਚ ਹੀ ਖੇਡਦੇ, ਨੱਚਦੇ ਤੇ ਟੱਪਦੇ ਹਾਂ ਅਤੇ ਬਚਪਨ ਤੋਂ ਮਿੱਟੀ ਦੇ ਖਿਡੌਣੇ ਬਣਾ-ਬਣਾ ਕੇ, ਖੇਡ ਕੇ ਜਵਾਨ ਹੁੰਦੇ ਹਨ। ਜਿਸ ਵਿਹੜੇ ਤੇ ਘਰ ਵਿੱਚ ਸਾਡਾ ਬਚਪਨ ਬੀਤਿਆ ਹੁੰਦਾ ਹੈ ਉਹ ਮਿੱਟੀ ਸਾਨੂੰ ਜ਼ਿੰਦਗੀ ਭਰ ਖਿੱਚਾਂ ਪਾਉਂਦੀ ਹੈ। ਦੁੱਖ ਦੀ ਗੱਲ ਹੈ ਕਿ ਮਿੱਟੀ ਜੋ ਸਾਡੀ ਮਾਂ ਹੁੰਦੀ ਹੈ, ਅੱਜ ਅਸੀਂ ਖੁਦ ਹੀ ਇਸਨੂੰ ਪ੍ਰਦੂਸ਼ਿਤ ਕਰ ਰਹੇ ਹਾਂ। ਮਿੱਟੀ ਵਿੱਚ ਕਈ ਤਰ੍ਹਾਂ ਦੀਆਂ ਜ਼ਹਿਰਾਂ ਅਤੇ ਪਲਾਸਟਿਕ ਆਦਿ ਮਿਲ ਕੇ ਇਸਦੀ ਉਪਜਾਊ ਸ਼ਕਤੀ ਘਟਾ ਰਹੇ ਹਾਂ। ਇਸ ਤਰ੍ਹਾਂ ਤਾਂ ਸਮੁੱਚਾ ਜੀਵ-ਜਗਤ ਤੇ ਬਨਸਪਤੀ ਖਤਰੇ ਵਿੱਚ ਪੈ ਜਾਵੇਗੀ। ਸਾਨੂੰ ਇਸ ਬਾਰੇ ਕੁਝ ਸੋਚਣਾ ਪਵੇਗਾ।

ਨਸ਼ਿਆਂ ਨੇ ਸਭ ਦੀ ਰੋਲ਼ ਕੇ ਜਵਾਨੀ ਸੁੱਟੀ ,
ਜ਼ਹਿਰੀਲਾ ਹੋ ਰਿਹਾ ਪਾਣੀ, ਹਵਾ ਤੇ ਮਿੱਟੀ।

**ਲਖਵਿੰਦਰ ਕੌਰ**
**ਨੌਵੀਂ ਈ**

# ਦਿਵਾਲੀ

